ਰਾਜ ਸਾਇੰਸ ਸਿੱਖਿਆ ਸੰਸਥਾ (ਐਸ.ਸੀ.ਈ.ਆਰ.ਟੀ.), ਪੰਜਾਬ, ਮੋਹਾਲੀ

# STATE INSTITUTE OF SCIENCE EDUCATION (S.C.E.R.T.), PUNJAB, MOHALI

ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ, SAMPLE PAPER.

Punjab State Talent Search Examination,

## ਜਮਾਤ ਦਸਵੀਂ (Class X)

# MENTAL ABILITY AND SCHOLASTIC APTITUDE TEST
# ਮਾਨਸਿਕ ਯੋਗਤਾ ਅਤੇ ਵਿਸ਼ਿਆਂ ਦੀ ਯੋਗਤਾ ਦੀ ਪ੍ਰੀਖਿਆ

**Time : 3 hours** **Max. Marks : 180**

ਸਮਾਂ : 3 ਘੰਟੇ ਕੁੱਲ ਅੰਕ : 180

**Instructions for candidates:-**

1. This exam is in two parts.
2. Part-I is related to Mental Ability Test.
3. Part-II related to Scholastic Aptitude Test. It consists of eleven subjects, details of which are given below:-
   - i) Physics ii) Chemistry
   - iii) Biology iv) Geography
   - v) History vi) Civics
   - vii) Economics viii) Mathematics
   - ix) English x) Hindi
   - xi) Punjabi
4. Each question carries one mark. All questions are compulsory.
5. You have been provided with an answer sheet (OMR) for this question paper. Darken the correct option of each question in the answer sheet (OMR) with black/blue ink.
6. Rough work may be done on the provided blank space.
7. There is no negative marking in this question paper.
8. **Use of white fluid on OMR sheet is not allowed.**

**ਉਮੀਦਵਾਰਾਂ ਲਈ ਹਦਾਇਤਾਂ :**

1. ਇਹ ਪ੍ਰੀਖਿਆ ਦੋ ਭਾਗਾਂ ਵਿੱਚ ਹੈ।
2. ਪਹਿਲਾ ਭਾਗ ਮਾਨਸਿਕ ਯੋਗਤਾ ਨਾਲ ਸੰਬੰਧਤ ਹੈ।
3. ਦੂਜਾ ਭਾਗ ਵਿਸ਼ਿਆਂ ਦੀ ਯੋਗਤਾ ਨਾਲ ਸੰਬੰਧਤ ਹੈ। ਇਸ ਵਿੱਚ ਗਿਆਰ੍ਹਾਂ ਵਿਸ਼ੇ ਹਨ, ਜਿਨ੍ਹਾਂ ਦਾ ਵੇਰਵਾ ਹੇਠ ਦਿੱਤਾ ਹੈ-
   - i) ਭੌਤਿਕ ਵਿਗਿਆਨ ii) ਰਸਾਇਣ ਵਿਗਿਆਨ
   - iii) ਜੀਵ ਵਿਗਿਆਨ iv) ਭੂਗੋਲ
   - v) ਇਤਿਹਾਸ vi) ਨਾਗਰਿਕ ਸ਼ਾਸਤਰ
   - vii) ਅਰਥ ਸ਼ਾਸਤਰ viii) ਗਣਿਤ
   - ix) ਅੰਗ੍ਰੇਜ਼ੀ x) ਹਿੰਦੀ
   - x) ਪੰਜਾਬੀ
4. ਹਰ ਇੱਕ ਪ੍ਰਸ਼ਨ ਦਾ ਇੱਕ ਅੰਕ ਹੈ। ਸਾਰੇ ਪ੍ਰਸ਼ਨ ਜ਼ਰੂਰੀ ਹਨ।
5. ਤੁਹਾਨੂੰ ਇਸ ਪ੍ਰਸ਼ਨ ਪੱਤਰ ਲਈ ਉੱਤਰ ਸ਼ੀਟ ਦਿੱਤੀ ਗਈ ਹੈ। ਉੱਤਰ ਸ਼ੀਟ (ਓ ਐਮ ਆਰ) ਵਿੱਚ ਪ੍ਰਸ਼ਨ ਦੇ ਸਹੀ ਉੱਤਰ ਨੂੰ ਕਾਲੀ/ਨੀਲੀ ਸਿਆਹੀ ਨਾਲ ਭਰ ਕੇ ਦਰਸਾਓ।
6. ਕੱਚਾ ਕੰਮ ਦਿੱਤੀ ਗਈ ਖਾਲੀ ਥਾਂ ਤੇ ਕਰਨਾ ਹੈ।
7. ਇਸ ਪ੍ਰਸ਼ਨ ਪੱਤਰ ਵਿੱਚ ਰਿਣਾਤਮਕ (ਨੈਗੇਟਿਵ) ਮਾਰਕਿੰਗ ਨਹੀਂ ਹੈ।
8. **ਉੱਤਰ ਸ਼ੀਟ (OMR Sheet) ਤੇ ਵਾਈਟ ਫਲਿਊਡ ਦੀ ਵਰਤੋਂ ਦੀ ਮਨਾਹੀ ਹੈ।**

**Rough Work / ਕੱਚਾ ਕੰਮ**

# PART-I

**ਨਿਰਦੇਸ਼- (ਪ੍ਰਸ਼ਨ 1-4) ਹੇਠ ਲਿਖੇ ਪ੍ਰਸ਼ਨਾਂ ਵਿੱਚ ਅੰਕਾਂ ਦੀ ਲੜੀ ਦਿੱਤੀ ਗਈ ਹੈ। ਖਾਲੀ ਥਾਂ ਭਰਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿਚੋਂ ਸਹੀ ਵਿਕਲਪ ਚੁਣੋ।**

1. 7, 15, 31, 63, 127 ....................
   1) 254  2) 265
   3) 253  4) 255


2. 0, 6, 24, 60, 120, ....................
   1) 240  2) 210
   3) 216  4) 236

3. 34, 45, 56, 67, ....................
   1) 73  2) 75
   3) 78  4) 82

4. 24, 42, 35, 53, 47, ....................
   1) 74  2) 46
   3) 84  4) 57

5. ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ ਜੋ ਦਿੱਤੇ ਗਏ ਸੈਟ (25, 49, 144) ਨਾਲ ਮੇਲ ਖਾਂਦਾ ਹੋਵੇ।
   1) (25, 48, 112)  2) (49, 143, 74)
   3) (144, 37, 96)  4) (16, 196, 256)

6. ਹੇਠ ਦਿੱਤੇ ਗਏ ਚਿੱਤਰਾਂ ਵਿਚੋਂ ਕਿਹੜਾ ਚਿੱਤਰ ਸਬਜੀ, ਭੋਜਨ, ਗੋਭੀ ਨੂੰ ਦਰਸਾਉਂਦਾ ਹੈ?



(1)  (2)  (3)  (4)

7. ਸੁਖਦੀਪ ਦਾ ਜਮਾਤ ਵਿੱਚ ਅਗਲੇ ਪਾਸਿਓ 13ਵਾਂ ਸਥਾਨ ਹੈ ਅਤੇ ਜਮਾਤ ਵਿੱਚ ਪਿਛਲੇ ਪਾਸਿਓ 31ਵਾਂ ਸਥਾਨ ਹੈ। ਦੱਸੋ ਜਮਾਤ ਵਿੱਚ ਕੁੱਲ ਕਿੰਨੇ ਵਿਦਿਆਰਥੀ ਹਨ।
   1) 41  2) 42
   3) 43  4) 44

**ਨਿਰਦੇਸ਼- (ਪ੍ਰਸ਼ਨ 8-9) ਜੇਕਰ '+' ਦਾ ਮਤਲਬ '−' , '−' ਦਾ ਮਤਲਬ '+', '×' ਦਾ ਮਤਲਬ '÷' ਅਤੇ '÷' ਦਾ ਮਤਲਬ '×' ਹੋਵੇ ਤਾਂ ਦਿੱਤੇ ਗਏ ਪ੍ਰਸ਼ਨਾਂ ਵਿੱਚ ਸਹੀ ਵਿਕਲਪ ਦੀ ਚੋਣ ਕਰੋ।**

8. $12+3\times3-5\div4=?$
   1) 13  2) 31
   3) 28  4) 32

9. $14\times2+3-6\div9=?$
   1) 28  2) 38
   3) 48  4) 58

10. ਇੱਕ ਟੋਕਰੀ ਵਿੱਚ ਰੱਖੇ ਗਏ ਫੁੱਲ ਇੱਕ ਮਿੰਟ ਵਿੱਚ ਦੁੱਗਣੇ ਹੋ ਜਾਂਦੇ ਹਨ। ਜੇਕਰ ਟੋਕਰੀ ਇੱਕ ਘੰਟੇ ਵਿੱਚ ਪੂਰੀ ਭਰ ਜਾਵੇ ਤਾਂ ਦੱਸੋ ਟੋਕਰੀ ਕਿੰਨੇ ਮਿੰਟਾਂ ਵਿੱਚ ਅੱਧੀ ਭਰੇਗੀ?
    1) 30 ਮਿੰਟ  2) 45 ਮਿੰਟ
    3) 58 ਮਿੰਟ  4) 59 ਮਿੰਟ

11. ਕਿਸੇ ਭਾਸ਼ਾ ਵਿੱਚ ਜੇਕਰ SIKKIM ਨੂੰ THLJJL ਲਿਖਿਆ ਜਾਵੇ ਤਾਂ ਉਸੇ ਭਾਸ਼ਾ ਵਿੱਚ TRAIN ਨੂੰ ਕਿਵੇਂ ਲਿਖਿਆ ਜਾਵੇਗਾ?
    1) SQBHO  2) UQBHO
    3) UQBJO  4) UBQJ

12. ਜੇਕਰ BM=26, CN=42 ਹੋਵੇ ਤਾਂ DP = ?
    1) 46  2) 58
    3) 64  4) 72

13. ਸ਼ਬਦਾਂ ਨੂੰ ਸਾਰਥਕ ਤਰਤੀਬ ਦੇ ਕੇ ਸਹੀ ਵਿਕਲਪ ਦੀ ਚੋਣ ਕਰੋ।
    a) ਖਿੜਕੀ  b) ਕੰਧ  c) ਨੀਂਹ  d) ਕਮਰਾ  e) ਛੱਤ
    1) aedbc  2) abcde
    3) cbaed  4) edabc

**ਨਿਰਦੇਸ਼ (ਪ੍ਰਸ਼ਨ 14-15) ਪ੍ਰਸ਼ਨਾਂ ਨੂੰ ਪਿਰਾਮਿਡ ਦੇ ਆਧਾਰ ਤੇ ਲਿਖਿਆ ਗਿਆ ਹੈ। ਚਿੰਨ੍ਹ :: ਦੇ ਦੋਨੋਂ ਪਾਸੇ ਅੰਕਾ ਵਿੱਚ ਆਪਸੀ ਸੰਬੰਧ ਹੈ। ਚਿੰਨ੍ਹ ਦੇ ਖੱਬੇ ਪਾਸੇ ਅੰਕਾਂ ਵਿੱਚ ਸੰਬੰਧ ਸਥਾਪਿਤ ਕਰਕੇ ਉਸੇ ਹੀ ਸੰਬੰਧ ਅਨੁਸਾਰ ਚਿੰਨ੍ਹਾਂ ਦੇ ਸੱਜੇ ਪਾਸੇ ਦੇ ਪ੍ਰਸ਼ਨ ਚਿੰਨ੍ਹ ਦੀ ਜਗ੍ਹਾ ਕੀ ਆਵੇਗਾ?**

1

2 3 4

9 8 7 6 5

10 11 12 13 14 15 16

25 24 23 22 21 20 19 18 17

26 27 28 29 30 31 32 33 34 35 36

14. 2910 : 4516 :: 91123 : ?

1) 141516 2) 132229

3) 81223 4) 51519

15. 112429 : 151833 :: 262728 : ?

1) 313332 2) 363534

3) 293133 4) 343331

16. ਜੇਕਰ ਕੁੱਤੇ ਨੂੰ ਸ਼ੇਰ, ਸ਼ੇਰ ਨੂੰ ਬਿੱਲੀ, ਬਿੱਲੀ ਨੂੰ ਚੂਹਾ, ਚੂਹੇ ਨੂੰ ਹਾਥੀ, ਹਾਥੀ ਨੂੰ ਸੱਪ ਅਤੇ ਸੱਪ ਨੂੰ ਚੀਤਾ ਕਿਹਾ ਜਾਵੇ ਤਾਂ ਸੱਭ ਤੋਂ ਛੋਟੇ ਆਕਾਰ ਵਾਲੇ ਜਾਨਵਰ ਨੂੰ ਕੀ ਕਿਹਾ ਜਾਵੇਗਾ?

1) ਹਾਥੀ 2) ਸ਼ੇਰ

3) ਬਿੱਲੀ 4) ਕੁੱਤਾ

17. ਦਿੱਤੇ ਗਏ ਸ਼ਬਦ UNCONSCIOUS ਦੇ ਅੱਖਰਾਂ ਤੋਂ ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਨਹੀਂ ਬਣਾਇਆ ਜਾ ਸਕਦਾ?

1) SON 2) COIN

3) SUN 4) NOSE

18. ਦਿੱਤੇ ਗਏ ਸ਼ਬਦਾਂ ਦੇ ਸਮੂਹ ਨੂੰ ਸ਼ਬਦ ਕੋਸ਼ ਦੀ ਤਰਤੀਬ ਅਨੁਸਾਰ ਕਰਕੇ ਦਿੱਤੇ ਗਏ ਚਾਰ ਉਤਰਾਂ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ।

a) Page b) Pagan c) Palisade

d) Pageant e) Palate

1) a, d, b, c, e 2) b, d, a, c, e,

3) b, a, d, e, c, 4) a, d, b, e, c,

19. ਦਿੱਤੇ ਸ਼ਬਦਾਂ ਨੂੰ ਵਰਨਮਾਲਾ ਦੇ ਕ੍ਰਮ ਅਨੁਸਾਰ ਕਰੋ ਅਤੇ ਉਹ ਸ਼ਬਦ ਦੱਸੋ ਜਿਹੜਾ ਦੂਜੇ ਸਥਾਨ ਤੇ ਆਉਂਦਾ ਹੈ।

1) Radar 2) Racket

3) Radiate 4) Radical

20. ਦਿੱਤੇ ਸ਼ਬਦਾਂ ਨੂੰ ਵਰਨਮਾਲਾ /ਸ਼ਬਦਕੋਸ਼ ਦੇ ਕ੍ਰਮ ਅਨੁਸਾਰ ਕਰੋ ਅਤੇ ਉਹ ਸ਼ਬਦ ਦੱਸੋ ਜਿਹੜਾ ਅਖੀਰਲੇ /ਚੌਥੇ ਸਥਾਨ ਤੇ ਆਉਂਦਾ ਹੈ।

1) Delete 2) Defer

3) Delirium 4) Delude

21. ਨਿਮਨ ਲੜੀ ਵਿੱਚ ਅੰਕ 5 ਕਿੰਨੇ ਥਾਵਾਂ ਤੇ ਸਥਿਤ ਹੈ ਜਿਸ ਵਿੱਚ ਅੰਕ 5 ਤੋਂ ਪਹਿਲਾਂ ਅੰਕ 7 ਆਉਂਦਾ ਹੋਵੇ ਅਤੇ ਬਾਅਦ ਵਿੱਚ ਅੰਕ 6 ਆਉਂਦਾ ਹੋਵੇ?


3 5 4 7 5 6 2 7 8 9 7 5 6 3 4 5 6 8 7 5 6

1) ਇੱਕ 2) ਦੋ

3) ਤਿੰਨ 4) ਚਾਰ

**ਨਿਰਦੇਸ਼-(ਪ੍ਰਸ਼ਨ 22-26) ਹੇਠਾਂ ਲਿਖੇ ਪ੍ਰਸ਼ਨਾਂ ਵਿੱਚ ਪ੍ਰਸ਼ਨ ਚਿੰਨ੍ਹ ਦੀ ਜਗ੍ਹਾ / ਸਥਾਨ ਤੇ ਢੁਕਵਾਂ ਅੰਕ / ਸੰਖਿਆ ਭਰੋ।**


22.




1) 38 2) 40

3) 33 4) 42


23.




1) 35 2) 37

3) 45 4) 46

24.




1)26 2)83

3)82 4)72

25.

| | | |
|---|---|---|
| 9 | 36 | 25 |
| 4 | 16 | 9 |
| 1 | 9 | 4 |
| 6 | 13 | ? |

1) 5 2)10

3)11 4)15


26.

| | | |
|---|---|---|
| 5 | 5 | 2 |
| 2 | 4 | 1 |
| 8 | 3 | 10 |
| 40 | 30 | ? |

1)10 2)12

3)13 4)20

**ਨਿਰਦੇਸ਼ (ਪ੍ਰਸ਼ਨ 27-29) ਹੇਠਾਂ ਦਿੱਤੇ ਗਏ ਚਿੱਤਰ ਵਿੱਚ ਜੇਕਰ ਆਇਤਾਕਾਰ-ਵਿਦਿਆਰਥੀਆਂ ਨੂੰ, ਤ੍ਰਿਭੁਜ-ਕ੍ਰਿਕਟ ਨੂੰ ਚੱਕਰ-ਪੰਜਾਬੀ ਨੂੰ ਅਤੇ ਵਰਗ ਹਾਕੀ ਨੂੰ ਦਰਸਾਉਂਦੇ ਹੋਣ ਤਾਂ ਚਿੱਤਰ ਤੇ ਆਧਾਰਿਤ ਪ੍ਰਸ਼ਨਾਂ ਦੇ ਢੁਕਵੇਂ ਉੱਤਰ ਲੱਭੋ।**




27. ਕ੍ਰਿਕਟ ਖੇਡਣ ਵਾਲੇ ਵਿਦਿਆਰਥੀ ਕਿਹੜੇ ਅੰਕ ਰਾਹੀਂ ਦਰਸਾਏ ਜਾਣਗੇ।

1)5 2)6

3)10 4)15

28. ਕਿਹੜਾ ਅੰਕ ਉਹਨਾਂ ਹਾਕੀ ਖੇਡਣ ਵਾਲਿਆਂ ਨੂੰ ਦਰਸਾਉਂਦਾ ਹੈ ਜੋ ਨਾਂ ਤਾ ਵਿਦਿਆਰਥੀਆਂ ਹਨ ਅਤੇ ਨਾਂ ਹੀ ਪੰਜਾਬੀ ਹਨ।

1)16 2)15

3)9 4)7

29. ਕਿਹੜਾ ਅੰਕ ਉਨ੍ਹਾਂ ਵਿਿਆਰਥੀਆਂ ਨੂੰ ਦਰਸਾਉਂਦਾ ਹੈ ਜਿਹੜੇ ਹਾਕੀ ਖੇਡਦੇ ਹਨ ਪਰ ਪੰਜਾਬੀ ਨਹੀਂ ਹਨ।

1)4 2)13

3)14 4)16

30. ਕਿਸੇ ਭਾਸ਼ਾ ਵਿੱਚ 'tee see pee' ਦਾ ਅਰਥ ਹੈ 'Drink Fruit Juice', 'see kee tee' ਦਾ ਅਰਥ ਹੈ 'Juice is Sweet' ਅਤੇ 'lee ree mee' ਦਾ ਅਰਥ ਹੈ 'He is intelligent' ਉਸੇ ਭਾਸ਼ਾ ਵਿੱਚ ਕਿਹੜੇ ਸ਼ਬਦ ਦਾ ਅਰਥ 'Sweet' ਹੋਵੇਗਾ?

1)See 2)Kee

3)Lee 4)Pee

**ਨਿਰਦੇਸ਼ -(ਪ੍ਰਸ਼ਨ 31-32) ਛੇ ਦੋਸਤ A, B, C, D, E, ਅਤੇ F ਇੱਕ ਚੱਕਰ ਵਿੱਚ ਚੱਕਰ ਦੇ ਕੇਂਦਰ ਵੱਲ ਵੇਖਦੇ ਹੋਏ ਬੈਠੇ ਹਨ। E,D ਦੇ ਖੱਬੇ ਪਾਸੇ ਹੈ। C, A ਅਤੇ B ਦੇ ਵਿਚਕਾਰ ਹੈ। F, A ਅਤੇ E ਦੇ ਵਿਚਕਾਰ ਹੈ। ਉਪਰੋਕਤ ਤੇ ਆਧਾਰਿਤ ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਦਿਓ।**

31. B ਦੇ ਖੱਬੇ ਪਾਸੇ ਕੌਣ ਬੈਠਾ ਹੈ?

1)D 2)C

3)A 4)E


32. C ਦੇ ਸੱਜੇ ਪਾਸੇ ਕੌਣ ਬੈਠਾ ਹੈ?

1)F 2)E

3)A 4)B

**ਨਿਰਦੇਸ਼ - (ਪ੍ਰਸ਼ਨ 33-34) ਹੇਠਾਂ ਦਿੱਤੇ ਗਏ ਚਿੱਤਰ ਤੇ ਅਧਾਰਿਤ ਹਨ-**

33. ਦਿੱਤੇ ਗਏ ਚਿੱਤਰ ਵਿੱਚ ਕਿੰਨੇ ਵਰਗ ਹਨ?



1) 20 2) 25
3) 28 4) 30

34. ਦਿੱਤੇ ਗਏ ਚਿੱਤਰ ਵਿੱਚ ਕਿੰਨੀਆ ਸਿੱਧੀਆਂ ਰੇਖਾਵਾਂ ਹਨ।

1) 8 2) 10
3) 16 4) 34

35. ਇੱਕ ਵਿਅਕਤੀ 3 ਕਿ.ਮੀ. ਪੂਰਬ ਵੱਲ ਜਾਂਦਾ ਹੈ ਫਿਰ ਖੱਬੇ ਪਾਸੇ ਮੁੜ ਕੇ 4 ਕਿ.ਮੀ. ਚੱਲਦਾ ਹੈ। ਦੱਸੋ ਵਿਅਕਤੀ ਹੁਣ ਕਿਹੜੀ ਦਿਸ਼ਾ ਵਿੱਚ ਹੈ ਅਤੇ ਸਿੱਧੇ ਤੌਰ ਤੇ ਘਰ ਤੋਂ ਕਿੰਨੀ ਦੂਰੀ 'ਤੇ ਹੈ?

1) 5 ਕਿ.ਮੀ. ਉੱਤਰ-ਪੂਰਬ 2) 5 ਕਿ.ਮੀ. ਦੱਖਣ-ਪੂਰਬ
3) 7 ਕਿ.ਮੀ ਉੱਤਰ-ਪੂਰਬ 4) 10 ਕਿ.ਮੀ. ਦੱਖਣ-ਪੂਰਬ

36. ਇੱਕ ਵਿਅਕਤੀ ਦਾ ਚਿਹਰਾ ਉੱਤਰ ਵਾਲੇ ਪਾਸੇ ਹੈ। ਉਹ ਘੜੀ ਦੀਆਂ ਸੂਈਆਂ ਦੀ ਦਿਸ਼ਾ ਵਾਲੇ ਪਾਸੇ 45° ਦੇ ਕੋਣ ਤੇ ਘੁੰਮ ਗਿਆ ਅਤੇ ਫਿਰ ਉਹ ਘੜੀ ਦੀਆਂ ਸੂਈਆਂ ਦੀ ਦਿਸ਼ਾ ਵੱਲ ਹੀ 180° ਦੇ ਕੋਣ ਤੇ ਹੋਰ ਮੁੜ ਗਿਆ। ਫਿਰ ਉਹ 270° ਦੇ ਕੋਣ ਤੇ ਘੜੀ ਦੀਆਂ ਸੂਈਆਂ ਦੀ ਉਲਟ ਦਿਸ਼ਾ ਵੱਲ ਘੁੰਮ ਗਿਆ। ਹੁਣ ਉਹ ਵਿਅਕਤੀ ਕਿਸ ਦਿਸ਼ਾ ਦੇ ਸਾਹਮਣੇ ਹੈ?

1) ਦੱਖਣ 2) ਉੱਤਰ-ਪੱਛਮ
3) ਪੱਛਮ 4) ਦੱਖਣ-ਪੱਛਮ

**ਨਿਰਦੇਸ਼ ਪ੍ਰਸ਼ਨ (37-40) ਵਿੱਚ ਨਿਸ਼ਾਨ :: ਦੇ ਖੱਬੇ ਪਾਸੇ ਸ਼ਬਦਾਂ/ਅੱਖਰਾਂ/ਅੰਕਾਂ ਸੰਖਿਆਵਾਂ /ਚਿੱਤਰਾਂ ਵਿੱਚ ਸੰਬੰਧ ਅਨੁਸਾਰ ਨਿਸ਼ਾਨ :: ਦੇ ਸੱਜੇ ਪਾਸੇ ਉਸੇ ਸੰਬੰਧ ਅਨੁਸਾਰ ਪ੍ਰਸ਼ਨ ਚਿੰਨ੍ਹ ਲਈ ਸਹੀ ਵਿਕਲਪ ਦੀ ਚੋਣ ਕਰੋ।**

37. ਮਰੀਜ : ਡਾਕਟਰ :: ਵਿਦਿਆਰਥੀ : ?

1) ਸਕੂਲ 2) ਮਾਂ
3) ਅਧਿਆਪਕ 4) ਦੋਸਤ

38. 2 : 8 :: 3 : ?

1) 27 2) 64
3) 125 4) 32


39. MAT : NCW :: APE : ?

1) CRH 2) BRH
3) BSG 4) BSH


40. NUMBER : UNBMRE :: GHOSTS : ?

1) HGOSTS 2) HOGSTS
3) HGSOST 4) HGSOT

41. ਪ੍ਰਸ਼ਨ ਚਿੱਤਰ :




ਉੱਤਰ ਚਿੱਤਰ :




(1) (2) (3) (4)

42. ਪ੍ਰਸ਼ਨ ਚਿੱਤਰ :




ਉੱਤਰ ਚਿੱਤਰ




(1) (2) (3) (4)

**ਨਿਰਦੇਸ਼: (ਪ੍ਰਸ਼ਨ 43-44) ਵਿੱਚ ਤਿੰਨ ਚਿੱਤਰਾਂ ਤੋਂ ਬਾਅਦ ਲਗਾਤਾਰਤਾ ਵਿੱਚ ਉੱਤਰ ਚਿੱਤਰ ਵਿਚੋਂ ਕਿਹੜਾ ਚਿੱਤਰ ਆਵੇਗਾ?**

43. ਪ੍ਰਸ਼ਨ ਚਿੱਤਰ :




ਉੱਤਰ ਚਿੱਤਰ :




(1) (2) (3) (4)

44. ਪ੍ਰਸ਼ਨ ਚਿੱਤਰ:



ਉੱਤਰ ਚਿੱਤਰ:



(1) (2) (3) (4)


**ਨਿਰਦੇਸ਼:- (ਪ੍ਰਸ਼ਨ 45-46) ਸ਼ੀਸ਼ੇ ਵਿੱਚੋਂ ਵੇਖਣ ਤੇ ਚਿੱਤਰ (x) ਕਿਹੋ ਜਿਹਾ ਨਜਰ ਆਵੇਗਾ। ਦਿੱਤੇ ਗਏ ਚਿੱਤਰਾਂ ਵਿੱਚੋਂ ਸਹੀ ਚਿੱਤਰ ਚੁਣੋ।**

45.



(x) (1) (2) (3) (4)


46.



(x) (1) (2) (3) (4)


**ਨਿਰਦੇਸ਼:- (ਪ੍ਰਸ਼ਨ 47-48) ਅਧੂਰਾ ਚਿੱਤਰ (x) ਪੂਰਾ ਕਰਨ ਲਈ ਸਹੀ ਵਿਕਲਪ ਚੁਣੋ।**

47.



(x) (1) (2) (3) (4)

48.



(x) (1) (2) (3) (4)

**ਨਿਰਦੇਸ਼- (ਪ੍ਰਸ਼ਨ 49-50) ਵਿੱਚ ਲੜੀ ਦੇ ਖਾਲੀ ਸਥਾਨ ਭਰਨ ਲਈ ਸਹੀ ਵਿਕਲਪ ਦੀ ਚੋਣ ਕਰੋ।**

49. a___b___a___ ____n___bb___abbn

1) abnabb 2) bnbban
3) bnbbna 4) babban

50. h____eg___fegh___eghfe___

1) gffh 2) hhgg
3) ffgh 4) fhfg

## PART - 2

51. ਕਿਸੇ ਚਾਲਕ ਦਾ ਪ੍ਰਤਿਰੋਧ (R) ਕਿੰਨੇ ਗੁਣਾ ਵਧੇਗਾ ਜੇ ਉਸ ਦੀ ਲੰਬਾਈ ($L$) ਦੋਗੁਣੀ ਅਤੇ ਖੇਤਰਫਲ ($A$) ਅੱਧਾ ਕਰ ਦਿੱਤਾ ਜਾਵੇ:

1) ਚਾਰ ਗੁਣਾ 2) ਦੋਗੁਣਾ
3) ਪੰਜ ਗੁਣਾ 4) ਛੇ ਗੁਣਾ

52. ਭਾਰਤ ਵਿੱਚ ਪਰਤਵੀਂ ਕਰੰਟ (A.C.) ਦੀ ਆਵ੍ਰਿਤੀ ਕੀ ਹੈ?

1) 40 Hz (ਹਰਟਜ਼) 2) 45 Hz (ਹਰਟਜ਼)
3) 30 Hz (ਹਰਟਜ਼) 4) 50 Hz (ਹਰਟਜ਼)

53. ਵਕਰਤਾ ਕੇਂਦਰ (Centre of curvature) ਤੋਂ ਲੰਘ ਕੇ ਗੋਲਾਕਾਰ ਦਰਪਣ ਉੱਤੇ ਪੈ ਰਹੀ ਪ੍ਰਕਾਸ਼ ਕਿਰਨ ਪਰਾਵਰਤਨ ਤੋਂ ਬਾਅਦ ..............................

1) ਪੱਥ ਪਰਵਰਤਿਤ ਕਰੇਗੀ 2) ਮੁੱਖ ਫੋਕਸ ਵਿਚੋਂ ਲੰਘੇਗੀ
3) ਧਰੁਵ ਵਿੱਚ ਦੀ ਲੰਘੇਗੀ 4) ਮੁੱਖ ਧੁਰੇ ਦੇ ਸਮਾਂਨਤਰ ਹੋਵੇਗੀ

54. ਵੇਗ ਅਤੇ ਸਮੇ ਦੇ ਗਰਾਫ (Graph) ਵਿੱਚ ਘੇਰਿਆ ਹੋਇਆ ਖੇਤਰਫਲ ਕੀ ਦਰਸਾਉਂਦਾ ਹੈ?

1) ਪ੍ਰਵੇਗ 2) ਦੂਰੀ
3) ਵਿਸਥਾਪਨ 4) ਵੇਗ

55. ਮਨੁੱਖੀ ਅੱਖ ਦੇ ਦੂਰ ਦ੍ਰਿਸ਼ਟੀ ਦੋਸ਼ ਦੌਰਾਨ ਵਸਤੂ ਦਾ ਪ੍ਰਤਿਬਿੰਬ ਕਿੱਥੇ ਬਣਦਾ ਹੈ?

1) ਰੈਟੀਨਾ ਉੱਤੇ 2) ਰੈਟੀਨਾ ਤੋਂ ਪਹਿਲਾਂ
3) ਰੈਟੀਨਾਂ ਦੇ ਪਿੱਛੇ 4) ਰੈਟੀਨਾਂ ਦੇ ਉੱਪਰ

56. ਦ੍ਰਵ ਵਿੱਚ ਡੁੱਬੀ ਵਸਤੂ ਦਾ ਉਛਾਲ ਬਲ ਕਿਸਦੇ ਬਰਾਬਰ ਹੁੰਦਾ ਹੈ?

1) ਵਸਤੂ ਦੇ ਆਇਤਨ
2) ਵਸਤੂ ਦੇ ਪੁੰਜ
3) ਵਸਤੂ ਦੁਆਰਾ ਵਿਸਥਾਪਿਤ ਦ੍ਰਵ ਦੇ ਭਾਰ
4) ਵਸਤੂ ਦੁਆਰਾ ਵਿਸਥਾਪਿਤ ਆਇਤਨ

57. ਪ੍ਰਕਾਸ਼ ਵਰਾ (Light Year) ਕੀ ਮਾਪਦਾ ਹੈ?

1) ਸਮਾਂ 2) ਦੂਰੀ

3) ਪ੍ਰਕਾਸ਼ ਤੀਬਰਤਾ 4) ਪੁੰਜ

58. ਮਨੁੱਖੀ ਅੱਖ ਕਿਸ ਰੰਗ ਲਈ ਵੱਧ ਸੰਵੇਦਨਸ਼ੀਲ ਹੈ?

1) ਪੀਲਾ ਰੰਗ 2) ਹਰਾ ਰੰਗ

3) ਲਾਲ ਰੰਗ 4) ਕਾਲਾ ਰੰਗ

59. ਨਿਊਕਲੀਅਰ ਰਿਐਕਟਰ (Nuclear Reactor) ਵਿੱਚ ਊਰਜਾ ਕਿਸ ਢੰਗ ਨਾਲ ਪ੍ਰਾਪਤ ਹੁੰਦੀ ਹੈ?

1) ਨਿਊਕਲੀ ਸੰਯੋਜਨ 2) ਨਿਊਕਲੀ ਵਿਖੰਡਨ ਦੁਆਰਾ

3) ਰੇਡੀਓਐਕਟਿਵਤਾ ਦੁਆਰਾ 4) ਕੋਇਲੇ ਦੁਆਰਾ

60. ਕਿਸੇ ਤੱਤ ਦੇ ਆਇਸੋਟੋਪਸ (Isotopes) ਵਿੱਚ ਕੀ ਅੰਤਰ ਹੈ?

1) ਬਰਾਬਰ ਪ੍ਰੋਟਾਨ ਅਤੇ ਵੱਖ-ਵੱਖ ਨਿਊਟ੍ਰਾੱਨ।

2) ਬਰਾਬਰ ਪ੍ਰੋਟਾਨ ਅਤੇ ਬਰਾਬਰ ਨਿਊਟ੍ਰਾੱਨ।

3) ਵੱਖ-ਵੱਖ ਪ੍ਰੋਟਾਨ ਅਤੇ ਬਰਾਬਰ ਨਿਊਟ੍ਰਾੱਨ।

4) ਵੱਖ-ਵੱਖ ਪ੍ਰੋਟਾਨ ਅਤੇ ਵੱਖ-ਵੱਖ ਨਿਊਟ੍ਰਾੱਨ।

61. ਸੂਰਜੀ ਫੋਟੋਵੋਲਟਿਕ ਸੈਲ (ਸੂਰਜੀ ਸੈਲ) ਕਿਸ ਤਰ੍ਹਾਂ ਦੇ ਪਦਾਰਥਾਂ ਦੇ ਬਣੇ ਹੁੰਦੇ ਹਨ?

1) ਕੁਚਾਲਕ ਪਦਾਰਥਾਂ ਦੇ

2) ਚਾਲਕ ਪਦਾਰਥਾਂ ਦੇ

3) ਅਰਧ ਚਾਲਕ ਪਦਾਰਥਾਂ ਦੇ

4) ਚਾਲਕ ਅਤੇ ਕੁਚਾਲਕ ਪਦਾਰਥਾਂ ਦੇ

62. ਸੂਰਜੀ ਪਰਿਵਾਰ ਦਾ ਲਾਲ ਗ੍ਰਹਿ ਕਿਹੜਾ ਹੈ?

1) ਸ਼ੁਕਰ 2) ਮੰਗਲ

3) ਸ਼ਨੀ 4) ਧਰਤੀ

63. ਝੋਕਾ ਭੱਠੀ (Blast Furnace) ਵਿੱਚ ਲੋਹੇ ਦੇ ਨਿਸ਼ਕਰਸ਼ਨ ਦੌਰਾਨ ਭੱਠੀ ਵਿੱਚ ਕਿਹੜਾ ਪਦਾਰਥ ਪਾਇਆ ਜਾਂਦਾ ਹੈ?

1) $CaCO_3$ 2) $CaSO_4$

3) $CaSiO_3$ 4) $SiO_2$

64. ਧਾਤਾ ਦੀ ਕਿਰਿਆਸ਼ੀਲਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਹੇਠਾ ਲਿਖਿਆਂ ਵਿੱਚੋਂ ਕਿਹੜੇ ਤੱਤ ਠੀਕ ਤਰਤੀਬ ਵਿੱਚ ਲਗਾਏ ਗਏ ਹਨ?

1) K>Na>Ca 2) Zn>Al>Mg

3) Pb>Fe>Zn 4) Au>Ag>Hg>K

65. 1 ਗ੍ਰਾਮ ਹਾਈਡ੍ਰੋਜਨ ਵਿੱਚ ਹਾਈਡ੍ਰੋਜਨ ਦੇ ਕਿੰਨੇ ਪ੍ਰਮਾਣੂ ਹੋਣਗੇ।

1) $6.02 \times 10^{22}$ 2) $6.02 \times 10^{23}$

3) $6.02 \times 10^{25}$ 4) $6.02 \times 10^{21}$

66. ਹੇਠਾ ਲਿਖਿਆਂ ਵਿੱਚੋਂ ਕਿਹੜਾ ਅਲਫਾ ਕਣਾ ਲਈ ਠੀਕ ਹੈ?

1) $He^{+1}$ 2) $He^{+2}$

3) $He^{+3}$ 4) $He^{+4}$

67. $^{27}_{13}Al$ ਵਿੱਚ ਨਿਊਟ੍ਰਾਨਾਂ ਦੀ ਸੰਖਿਆ ਕਿੰਨੀ ਹੁੰਦੀ ਹੈ?

1) 13 2) 12

3) 14 4) 15

68. ਹਵਾ ਵਿੱਚ ਵੱਖ-ਵੱਖ ਗੈਸਾਂ ਦੇ ਨਿਖੇੜਨ ਲਈ ਕਿਸ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ?

1) ਅਪਕੇਂਦਰੀਕਰਣ ਵਿਧੀ (Centrifugation)

2) ਅੰਸ਼ਿਕ ਕਸ਼ੀਦਣ ਵਿਧੀ (Fractional Distillation)

3) ਕਸ਼ੀਦਣ ਵਿਧੀ (Distillation Method)

4) ਵਾਸ਼ਪੀਕਰਨ ਵਿਧੀ (Evaporation)

69. ਹੇਠ ਲਿਖਿਆਂ ਵਿੱਚੋ ਕਿਸ ਘੋਲ ਦਾ ਸੁਭਾਅ ਖਾਰਾ ਹੁੰਦਾ ਹੈ?

1) $H_2SO_4$ 2) $H_2CO_3$

3) $CH_3COOH$ 4) $NH_4OH$

70. $Na^+$ ਆਇਨ ਦੀ ਸਹੀ ਇਲੈਕਟ੍ਰਾਨ ਦੀ ਵੰਡ (ਤਰਤੀਬ) ਕਿਹੜੀ ਹੋਵੇਗੀ?

1) 2,8,2 2) 2,8

3) 2,8,1 4) 2,7

71. ਹੇਠਾ ਲਿਖਿਆਂ ਵਿੱਚੋਂ ਕਿਹੜਾ ਤੱਤ ਹਲਕੇ ਤੇਜਾਬ (Dilute Acid) ਨਾਲ ਕਿਰਿਆ ਕਰਕੇ ਹਾਈਡ੍ਰੋਜਨ ਗੈਸ ਉਤਪਨ ਕਰਦਾ ਹੈ?

1) ਫਲੋਰੀਨ 2) ਆਓਡੀਨ

3) ਜਿਸਤ 4) ਤਾਂਬਾ

72. ਜਦੋਂ ਇੱਕ ਸੰਘਣੇ ਜੰਗਲ ਦੇ ਅਛਾਦਨ ਵਿੱਚੋਂ ਸੂਰਜ ਦੀਆਂ ਕਿਰਨਾਂ ਲੰਘਦੀਆਂ ਹਨ ਤਾਂ ਪ੍ਰਕਾਸ਼ ਦੀ ਕਿਰਨ ਦਾ ਰਾਹ ਵਿਖਾਈ ਦਿੰਦਾ ਹੈ। ਜੰਗਲ ਦੇ ਕੋਹਰੇ ਦੇ ਕਣ/ਧੂੜ ਦੇ ਕਣਾ ਦੇ ਪ੍ਰਕਾਸ਼ ਦੀ ਕਿਰਨ ਦੇ ਫੈਲਾਉਣ ਨੂੰ ਕਿਹਾ ਜਾਂਦਾ ਹੈ।

1) ਟਿੰਡਲ ਪ੍ਰਭਾਵ (Tyndall Effect)

2) ਘੁਲਣਸ਼ੀਲਤਾ (Solubility)

3) ਕਸ਼ੀਦਣ ਵਿਧੀ (Distillation Method)

4) ਪ੍ਰਸਰਣ (Diffusion)

73. ਜੇਕਰ ਕਿਸੇ ਘੋਲ ਦੀ pH 6 ਤੋਂ 2 ਹੋ ਜਾਵੇ ਤਾਂ ਉਸ ਵਿੱਚ $[H^+]$ ਆਇਨਾਂ ਦੀ ਘਣਤਾ ਕਿਨੇ ਗੁਣਾ ਹੋ ਜਾਵੇਗੀ?

1) 200 ਗੁਣਾ 2) 400 ਗੁਣਾ

3) 1000 ਗੁਣਾ 4) 10000 ਗੁਣਾ

74. ਪੰਛੀਆਂ ਦੇ ਖੰਭ ਤੇ ਕੀੜੀਆਂ ਮਕੌੜਿਆਂ ਦੇ ਖੰਭ ਕਿਸ ਕਿਸਮ ਦੇ ਅੰਗ ਦੇ ਉਦਾਹਰਣ ਹਨ?

1) ਅਵਸ਼ੇਸ਼ੀ ਅੰਗ (Vestigeal Organs)

2) ਸਮਜਾਤੀ ਅੰਗ (Homologous Organs)

3) ਸਮਰੂਪ ਅੰਗ (Analogous Organs)

4) ਜੋੜਦ ਕੜੀਆਂ (Connecting Links)

75. ਟਿਸ਼ੂ ਕਲਚਰ ਦੌਰਾਨ ਸ਼ੁਰੂ ਵਿੱਚ ਬੇਤਰਤੀਬ ਅਤੇ ਵਖਰੇਵੇਂ ਤੋਂ ਬਿਨਾ ਕੁਝ ਸੈਲ ਪੈਦਾ ਹੁੰਦੇ ਹਨ, ਇਨ੍ਹਾਂ ਨੂੰ ............... ਕਹਿੰਦੇ ਹਨ।

1) ਕਲੋਨ (Clone) 2) ਥੈਲਸ (Thallus)

3) ਯੁਗਮਜ (Zygote) 4) ਕੈਲਸ (Callus)

76. ਹੇਠ ਲਿਖਿਆਂ ਵਿੱਚੋਂ ਮਿੱਟੀ ਵਿੱਚ ਕਿਹੜਾ ਬਹੁਮਾਤਰੀ ਪੋਸ਼ਕ ਤੱਤ (Macro nutrient) ਹੁੰਦਾ ਹੈ?

1) ਕਾਪਰ 2) ਆਇਰਨ

3) ਪੋਟਾਸ਼ੀਅਮ 4) ਜਿੰਕ

77. ਉਹ ਪੌਦੇ ਜਿੰਨਾ ਵਿੱਚ ਜਨਣ ਅੰਗ ਪੂਰੀ ਤਰ੍ਹਾਂ ਵਿਕਸਿਤ ਹੁੰਦੇ ਹਨ ਅਤੇ ਜਿਹੜੇ ਬੀਜ ਬਣਾਉਂਦੇ ਹਨ, ਉਨ੍ਹਾਂ ਨੂੰ ਕੀ ਕਹਿੰਦੇ ਹਨ?

1) ਫੇਨੇਰੋਗੇਮੀ (Phanerogamae)

2) ਕ੍ਰਿਪਟੋਗੇਮੀ (Cryptogamae)

3) ਥੈਲੋਫਾਈਟਾ (Thallophyta)

4) ਬ੍ਰਾਇਓਫਾਈਟਾਂ (Bryophyta)

78. ਅਜਿਹਾ ਜੋੜ ਜਿੱਥੇ ਇੱਕ ਨਿਊਰਾੱਨ ਦਾ ਐਕਸਾੱਨ ਦੂਸਰੇ ਨਿਊਰਾੱਨ ਦੇ ਡੈਂਡਰਾਈਟਸ ਨਾਲ ਨੇੜੇ ਤੋਂ ਜੁੜਿਆ ਹੁੰਦਾ ਹੈ, ਨੂੰ ਕੀ ਕਹਿੰਦੇ ਹਨ?

1) ਸੈੱਲ ਸਰੀਰ (Cyton)

2) ਪੋਂਸ (Pons)

3) ਅੰਤਰ ਗੰਥਣ ਦਰਾੜ (Synaptic Cleft)

4) ਅੰਤਰ ਗੰਥਣ (Synapse)

79. ਭਾਰਤ ਵਿੱਚ ਕਿੰਨੇ ਨੈਸ਼ਨਲ ਪਾਰਕ ਹਨ?

1) 88 2) 10

3) 49 4) 28

80. ਅਣ-ਆਕਸੀ ਸਾਹ ਕਿਰਿਆ ਦੁਆਰਾ ਮਨੁੱਖੀ ਮਾਸ - ਪੇਸ਼ੀਆਂ ਵਿੱਚ ਕਿਹੜਾ ਤੇਜਾਬ (Acid) ਬਣਦਾ ਹੈ?

1) ਐਸਿਟਿਕ ਤੇਜ਼ਾਬ 2) ਲੈਕਟਿਕ ਤੇਜ਼ਾਬ

3) ਹਾਈਡਰੋਕਲੋਰਿਕ ਤੇਜ਼ਾਬ 4) ਸਿਟਰਿਕ ਤੇਜ਼ਾਬ

81. ਜੇਕਰ ਲਾਰ ਵਿੱਚ 'ਐਮਾਈਲੇਜ਼' ਨਾਂ ਦਾ ਐਨਜ਼ਾਈਮ ਨਾ ਹੋਵੇ ਤਾਂ ਹੇਠ ਲਿਖਿਆਂ ਵਿੱਚੋਂ ਕਿਹੜੀ ਕਿਰਿਆ ਤੇ ਪ੍ਰਭਾਵ ਪਵੇਗਾ?

1) ਪ੍ਰੋਟੀਨ ਦਾ ਐਮੀਨੋ ਤੇਜ਼ਾਬ ਵਿੱਚ ਬਦਲਣ ਦੀ ਕਿਰਿਆ ਤੇ

2) ਸਟਾਰਚ ਦਾ ਮਾਲਟੋਜ ਵਿੱਚ ਬਦਲਣ ਦੀ ਕਿਰਿਆ ਤੇ

3) ਚਰਬੀ ਦਾ ਚਰਬੀ ਤੇਜ਼ਾਬ ਅਤੇ ਗਲਿਸਰਾਲ ਵਿੱਚ ਬਦਲਣ ਦੀ ਕਿਰਿਆ ਤੇ

4) ਵਿਟਾਮਿਨਾਂ ਦੇ ਸੋਖਣ ਦੀ ਕਿਰਿਆ ਤੇ

82. ਸਰੀਰ ਦੇ ਸਾਰੇ ਭਾਗਾਂ ਤੋਂ ਇਕੱਠਾ ਕੀਤਾ ਆਕਸੀਜਨ ਰਹਿਤ ਖੂਨ ਦਿਲ ਦੇ ਕਿਹੜੇ ਖਾਨੇ ਵਿੱਚ ਦਾਖਲ ਹੁੰਦਾ ਹੈ?

1) ਸੱਜਾ ਆਰੀਕਲ 2) ਖੱਬਾ ਆਰੀਕਲ

3) ਸੱਜਾ ਵੈਂਟਰੀਕਲ 4) ਖੱਬਾ ਵੈਂਟਰੀਕਲ

83. ਹੇਠ ਲਿਖਿਆਂ ਵਿੱਚੋਂ ਕਿਹੜਾ ਜੀਵ ਪਾਇਸਿਸ (Pisces) ਵਰਗ ਨਾਲ ਸੰਬੰਧਿਤ ਹੈ?

1) ਸਿਲਵਰ ਫਿਸ਼ 2) ਜੈਲੀ ਫਿਸ਼

3) ਸਟਾਰ ਫਿਸ਼ 4) ਲਾਇਨ ਫਿਸ਼

84. ਪਰਾਗਣ ਤੋਂ ਬਾਅਦ, ਅੰਡਾਣੂ ਵੱਲ ਪਰਾਗਣ-ਨਾਲੀ ਦਾ ਵਾਧਾ ਕਿਹੜੀ ਅਨੁਵਰਤਨੀ ਕਿਰਿਆ ਕਾਰਨ ਹੁੰਦਾ ਹੈ?

1) ਪ੍ਰਕਾਸ਼-ਅਨੁਵਰਤਨੀ ਕਿਰਿਆ (Phototropism)

2) ਭੂ-ਅਨੁਵਰਤਨੀ ਕਿਰਿਆ (Geotropism)

3) ਰਸਾਇਣ- ਅਨੁਵਰਤਨੀ ਕਿਰਿਆ (Chemotropism)

4) ਪਾਣੀ-ਅਨੁਵਰਤਨੀ ਕਿਰਿਆ (Hydrotropism)

85. ਪ੍ਰਕਾਸ਼ ਸੰਸ਼ਲੇਸ਼ਣ ਵਿੱਚ ਆਕਸੀਜਨ ਸਹਿ ਉਪਜ ਦੇ ਰੂਪ ਵਿੱਚ ਕਿੱਥੋ ਨਿਕਲਦੀ ਹੈ?

1) ਗੁਲੂਕੋਜ਼ ਤੋਂ

2) ਪਾਣੀ ਤੋਂ

3) ਕਾਰਬਨਡਾਈਆਕਸਾਈਡ ਤੋਂ

4) ਸੂਰਜ ਦੀ ਰੋਸ਼ਨੀ ਤੋਂ

86. ਨਵੇਂ ਬਣੇ ਤੇਲੰਗਾਨਾ ਰਾਜ ਦੀ ਰਾਜਧਾਨੀ ਕਿਹੜੀ ਹੈ?

1) ਅਹਿਮਦਾਬਾਦ 2) ਹੈਦਰਾਬਾਦ

3) ਫਰੀਦਾਬਾਦ 3) ਮੁੰਬਈ

87. ਐਸਕੀਮੋ, ਲੈਪਸ, ਸਮੋਏਡ ਅਤੇ ਯਾਕੂਤ ਕਿਸ ਖੰਡ ਦੀਆਂ ਟੱਪਰੀ ਵਾਸੀ ਜਾਤੀਆਂ ਹਨ?

1) ਭੂ-ਮੱਧ ਰੇਖੀ ਖੰਡ 2) ਰੂਮ ਸਾਗਰੀ ਖੰਡ

3) ਮਾਨਸੂਨ ਖੰਡ 4) ਟੁੰਡਰਾ ਖੰਡ

88. ਹੇਠ ਲਿਖਿਆਂ ਵਿੱਚੋਂ ਕਿਹੜੀ ਖਰੀਫ (ਸਾਉਣੀ) ਦੀ ਫਸਲ ਹੈ?

1) ਚਾਵਲ 2) ਕਣਕ

3) ਜੌਂ 4) ਸਰੋਂ

89. ਮੈਕਮੋਹਨ ਰੇਖਾ ਕਿਹੜੇ ਦੋ ਦੇਸ਼ਾਂ ਵਿਚਕਾਰ ਸੀਮਾ ਰੇਖਾ ਹੈ?

1) ਭਾਰਤ-ਪਾਕਿਸਤਾਨ 2) ਚੀਨ-ਜਾਪਾਨ

3) ਭਾਰਤ - ਚੀਨ 4) ਨੇਪਾਲ-ਭੂਟਾਨ

90. ਖੁੰਬ-ਅਕਾਰੀ ਚਟਾਨ ਦੀ ਰਚਨਾ ਕਰਨ ਵਾਲੇ ਕਾਰਕ ਅਤੇ ਧਰਾਤਲ ਦੀ ਜੋੜਾ ਚੁਣੋ।

1) ਪੌਣ-ਪਰਬਤ 2) ਪੌਣ-ਮਾਰੂਥਲ

3) ਪੌਣ-ਸਮੁੰਦਰ 4) ਪੌਣ-ਬਨਸਪਤੀ

91. ਜਨਗਣਨਾ 2011 ਅਨੁਸਾਰ ਪੰਜਾਬ ਦੀ ਜਨਸੰਖਿਆ ਕਿੰਨੀ ਹੈ?

1) 27704234 2) 27804234

3) 27904234 4) 28000234

92. ਭਾਰਤ ਦੇ ਅਸਾਮ ਰਾਜ ਵਿੱਚ ਮਹੱਤਵਪੂਰਨ 'ਜੀਵ ਰਾਖਵੇਂ ਖੇਤਰ' ਦਾ ਨਾਂ ਦੱਸੋ।

1) ਫੁੱਲਾਂ ਦੀ ਘਾਟੀ 2) ਕਾਜੀਰੰਗਾ

3) ਭਰਤਪੁਰ 4) ਹਰੀਕੇ ਪੱਤਣ

93. ਉੜੀਸਾ ਰਾਜ ਵਿੱਚ ਮਹਾਂਨਦੀ ਤੇ ਬਣਾਈ ਬਹੁਮੁੱਖੀ ਯੋਜਨਾ 'ਦਾ ਨਾਂ ਕੀ ਹੈ?

1) ਕੋਸੀ ਯੋਜਨਾ 2) ਹੀਰਾ ਕੁੰਡ ਯੋਜਨਾ

3) ਤੁੰਗਭਦਰਾ ਯੋਜਨਾ 4) ਦਮੋਦਰ ਘਾਟੀ ਯੋਜਨਾ

94. ਵਸੋਂ ਦੀ ਵਾਧਾ ਦਰ ਕਦੋਂ ਜਿਆਦਾ ਹੋਵੇਗੀ?

1) ਜਦੋਂ ਜਨਮ ਦਰ, ਮੌਤ ਦਰ ਤੋਂ ਵੱਧ ਹੋਵੇ।

2) ਜਦੋਂ ਜਨਮ ਦਰ, ਮੌਤ ਦਰ ਤੋਂ ਘੱਟ ਹੋਵੇ।

3) ਜਦੋਂ ਜਨਮ ਦਰ ਅਤੇ ਮੌਤ ਦਰ ਬਰਾਬਰ ਹੋਣ।

4) ਜਦੋਂ ਜਨਮ ਦਰ ਰੁੱਕ ਜਾਵੇ।

95. ਹੇਠ ਲਿਖਿਆਂ ਵਿੱਚੋਂ ਕਿਹੜਾ ਕੰਪਿਊਟਰ ਸਾਫਟਵੇਅਰ ਤਕਨਾਲੋਜੀ ਦਾ ਮੁੱਖ ਕੇਂਦਰ ਹੈ?

1) ਲੁਧਿਆਣਾ 2) ਕੋਲਕਾਤਾ

3) ਬੈਂਗਲੂਰੂ 4) ਮੁੰਬਈ

96. ਕੁਰੂਕਸ਼ੇਤਰ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਯਾਤਰਾ ਦੌਰਾਨ ਕਿੱਥੇ ਗਏ?

1) ਤਾਲੁੰਬ 2) ਪਾਨੀਪਤ

3) ਸਯਦਪੁਰ 4) ਸੁਲਤਾਨਪੁਰ

97. ਗਦਰ ਅੰਦੋਲਨ ਦਾ ਜਨਮ ਕਦੋਂ ਹੋਇਆ?

1) 1905 ਈ. 2) 1907 ਈ.

3) 1906 ਈ. 4) 1913 ਈ.

98. ਹਰੀ ਸਿੰਘ ਨਲਵਾ ਰਣਜੀਤ ਸਿੰਘ ਦੀ ਕਿਹੜੀ ਲੜਾਈ ਲੜਨ ਗਿਆ ਸੀ?

1) ਕਸ਼ਮੀਰ 2) ਅਟਕ

3) ਮੁਲਤਾਨ 4) ਪਿਸ਼ਾਵਰ

99. 'ਡਿਵਾਈਨ ਕਮੇਡੀ' ਦੀ ਰਚਨਾ ਕਿਸ ਨੇ ਕੀਤੀ?

1) ਦਾਂਤੇ 2) ਅਲਬਰੇਨੀ

3) ਫਿਰਦੌਨੀ 4) ਖਲੀਫਾ ਅਲੀ

100. 'ਪੈਰਿਸ ਦੀ ਸ਼ਾਂਤੀ ਸਮਝੌਤਾ' ਕਦੋਂ ਹੋਇਆ?

1) 1919 ਈ. 2) 1918 ਈ.

3) 1920 ਈ. 4) 1921 ਈ.

101. ਬਾਬਰ ਕਿੱਥੋਂ ਦਾ ਸ਼ਾਸਕ ਸੀ?

1) ਕੰਧਾਰ 2) ਅਫਗਾਨਿਸਤਾਨ

3) ਬਗਦਾਦ 4) ਕਾਬੁਲ

102. ਸ੍ਰੀ ਗੁਰੂ ਨਾਨਕ ਦੇਵ ਜੀ ਮਦੀਨਾ ਵਿਖੇ ਕਿਸ ਨੂੰ ਮਿਲੇ?

1) ਕਾਜ਼ੀ ਰੁਕਨਉਦੀਨ 2) ਇਮਾਮ ਆਜ਼ਿਮ

3) ਸ਼ੇਖ ਬਹਾਉਉਦੀਨ 4) ਸ਼ੇਖ ਬਹਿਲੋਲ

103. ਸ੍ਰੀ ਗੁਰੂ ਅਮਰਦਾਸ ਜੀ ਦੇ ਕਿੰਨੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ?

1) 679 2) 976

3) 907 4) 676

104. ਗੁਰਦਾਸ ਨੰਗਲ ਦੇ ਯੁੱਧ ਸਮੇਂ ਬੰਦਾ ਸਿੰਘ ਬਹਾਦਰ ਦਾ ਸਾਥ ਕੌਣ ਛੱਡ ਗਿਆ ਸੀ?

1) ਬਾਬਾ ਕਾਹਨ 2) ਬਾਬਾ ਗੁਲਾਬ ਸਿੰਘ

3) ਬਾਬਾ ਬਿਨੋਦ ਸਿੰਘ 4) ਬਾਬਾ ਸੁੰਦਰਦਾਸ

105. ਮਹਾਰਾਜਾ ਰਣਜੀਤ ਸਿੰਘ ਨੇ 'ਤਿਕੜੀ ਦੀ ਸਰਪ੍ਰਸਤੀ' ਦਾ ਅੰਤ ਕਿਹੜੇ ਸੰਨ ਵਿੱਚ ਕੀਤਾ?

1) 1798 ਈ. 2) 1799 ਈ.

3) 1796 ਈ. 4) 1797 ਈ.

106. ਭਾਰਤ ਦੇ ਸੰਵਿਧਾਨ ਵਿੱਚ ਸਮਾਜਵਾਦੀ, ਧਰਮ ਨਿਰਪੱਖ ਅਤੇ ਰਾਸ਼ਟਰ ਦੀ ਏਕਤਾ ਦੇ ਸ਼ਬਦ ਕਦੋਂ ਅਤੇ ਕਿਹੜੀ ਸੰਵਿਧਾਨਕ ਸੋਧ ਰਾਹੀਂ ਪ੍ਰਸਤਾਵਨਾ ਵਿੱਚ ਸ਼ਾਮਲ ਕੀਤੇ ਗਏ?

1) 1973 ਵਿੱਚ 31ਵੀਂ ਸੰਵਿਧਾਨਕ ਸੋਧ ਰਾਹੀਂ

2) 1985 ਵਿੱਚ 52ਵੀਂ ਸੰਵਿਧਾਨਕ ਸੋਧ ਰਾਹੀਂ

3) 1976 ਵਿੱਚ 42ਵੀਂ ਸੰਵਿਧਾਨਕ ਸੋਧ ਰਾਹੀਂ

4) 1978 ਵਿੱਚ 44ਵੀਂ ਸੰਵਿਧਾਨਕ ਸੋਧ ਰਾਹੀਂ

107. ਭਾਰਤੀ ਸੰਵਿਧਾਨ ਦੁਆਰਾ ਸਾਰੀਆਂ ਕਾਰਜਕਾਰੀ ਸ਼ਕਤੀਆਂ ਸੌਂਪੀਆਂ ਗਈਆਂ ਹਨ?

1) ਲੋਕ ਸਭਾ ਦੇ ਸਪੀਕਰ ਨੂੰ

2) ਪ੍ਰਧਾਨ ਮੰਤਰੀ ਨੂੰ

3) ਭਾਰਤ ਦੇ ਅਟਾਰਨੀ ਜਨਰਲ ਨੂੰ

4) ਭਾਰਤ ਦੇ ਰਾਸ਼ਟਰਪਤੀ ਨੂੰ

108. ਭਾਰਤੀ ਸੰਵਿਧਾਨ ਦੇ ਕਿਹੜੇ ਭਾਗ ਅਤੇ ਕਿਹੜੇ ਅਨੁਛੇਦਾਂ ਰਾਹੀਂ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਸੌਂਪੇ ਗਏ ਹਨ?

1) ਸੰਵਿਧਾਨ ਦੇ ਤੀਜੇ ਭਾਗ ਅਤੇ 14 ਤੋਂ 32 ਅਨੁਛੇਦਾਂ ਰਾਹੀਂ

2) ਸੰਵਿਧਾਨ ਦੇ ਚੋਥੇ ਭਾਗ ਅਤੇ 36 ਤੋਂ 51 ਅਨੁਛੇਦਾਂ ਰਾਹੀਂ

3) ਸੰਵਿਧਾਨ ਦੇ ਪਹਿਲੇ ਭਾਗ ਅਤੇ 1 ਤੋਂ 4 ਅਨੁਛੇਦਾਂ ਰਾਹੀਂ

4) ਸੰਵਿਧਾਨ ਦੇ ਪੰਜਵੇਂ ਭਾਗ ਅਤੇ 52 ਤੋਂ 90 ਅਨੁਛੇਦਾਂ ਰਾਹੀਂ

109. ਜਦੋਂ ਸੱਤਾਧਾਰੀ ਦਲ ਆਪਣਾ ਬਹੁਮਤ ਗਵਾ ਬੈਠੇ ਤਾਂ:

1) ਉਹ ਵਿਰੋਧੀ ਦਲ ਬਣ ਜਾਂਦਾ ਹੈ।

2) ਰਾਸ਼ਟਰਪਤੀ ਨੂੰ ਮਿਲਣਾ ਪੈਂਦਾ ਹੈ।

3) ਸੁਪਰੀਮ ਕੋਰਟ ਸਾਹਮਣੇ ਪੇਸ਼ ਹੋਣਾ ਪੈਂਦਾ ਹੈ।

4) ਉਸਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ।

110. ਭਾਰਤ ਸੰਯੁਕਤ ਰਾਸ਼ਟਰ ਦੇ ਮੁੱਢਲੇ ਮੈਂਬਰਾਂ ਵਿੱਚੋਂ ਇੱਕ ਹੈ। ਸੰਯੁਕਤ ਰਾਸ਼ਟਰ ਦੇ ਮੁੱਢਲੇ ਮੈਂਬਰਾਂ ਦੀ ਗਿਣਤੀ ਕਿੰਨੀ ਹੁੰਦੀ ਹੈ?

1) 61 ਮੈਂਬਰ    2) 51 ਮੈਂਬਰ

3) 71 ਮੈਂਬਰ    4) 81 ਮੈਂਬਰ

111. ਹੇਠ ਲਿਖਿਆਂ ਵਿੱਚੋਂ ਕਿਹੜਾ ਸੰਘੀ ਖੇਤਰ ਨਹੀਂ ਹੈ?

1) ਦਿੱਲੀ    2) ਚੰਡੀਗੜ੍ਹ

3) ਅਸਾਮ    4) ਅੰਡੇਮਾਨ ਨਿਕੋਬਾਰ

112. ਵਿਦੇਸ਼ੀਆਂ ਨੂੰ ਹੇਠ ਲਿਖੇ ਵਿੱਚੋਂ ਕਿਹੜੇ ਅਧਿਕਾਰ ਪ੍ਰਾਪਤ ਨਹੀਂ ਹੁੰਦੇ?

1) ਆਰਥਿਕ ਅਧਿਕਾਰ    2) ਰਾਜਨੀਤਿਕ ਅਧਿਕਾਰ

3) ਸਮਾਜਿਕ ਅਧਿਕਾਰ    4) ਧਾਰਮਿਕ ਅਧਿਕਾਰ

113. ਭਾਰਤੀ ਸੰਵਿਧਾਨ ਦੀਆਂ ਕਿਹੜੀਆਂ ਸੋਧਾਂ 'ਕ੍ਰਮਵਾਰ' ਪੇਂਡੂ ਸਥਾਨਕ ਲੋਕਤੰਤਰ ਅਤੇ ਸ਼ਹਿਰੀ ਸਥਾਨਕ ਲੋਕਤੰਤਰ ਨੂੰ ਦਰਸਾਉਂਦੀਆਂ ਹਨ?

1) 52ਵੀਂ ਸੋਧ ਪੇਂਡੂ, 53ਵੀਂ ਸੋਧ ਸ਼ਹਿਰੀ

2) 73ਵੀਂ ਸੋਧ ਪੇਂਡੂ, 74ਵੀਂ ਸੋਧ ਸ਼ਹਿਰੀ

3) 42ਵੀਂ ਸੋਧ ਪੇਂਡੂ, 44ਵੀਂ ਸੋਧ ਸ਼ਹਿਰੀ

4) 73ਵੀਂ ਸੋਧ ਸ਼ਹਿਰੀ, 74ਵੀਂ ਸੋਧ ਪੇਂਡੂ

114. ਸੰਯੁਕਤ ਰਾਸ਼ਟਰ ਦੀ ਵਿਧਾਨਪਾਲਿਕਾ (ਭਾਵ ਕਾਨੂੰਨ -ਨਿਯਮ) ਬਣਾਉਣ ਵਾਲੀ ਸੰਸਥਾ ਕਿਹੜੀ ਹੈ?

1) ਸੁਰੱਖਿਆ ਪਰਿਸ਼ਦ    2) ਸਕੱਤਰੇਤ

3) ਮਹਾਂ ਸਭਾ    4) ਅਮਾਨਤੀ ਪਰਿਸ਼ਦ

115. 29 ਅਪ੍ਰੈਲ 1954, ਨੂੰ ਹੋਇਆ ਪੰਚਸ਼ੀਲ ਸਮਝੌਤਾ ਕਿਹੜੇ ਦੋ ਦੇਸ਼ਾਂ ਵਿਚਕਾਰ ਸੀ?

1) ਭਾਰਤ ਅਤੇ ਅਮਰੀਕਾ    2) ਭਾਰਤ ਅਤੇ ਰੂਸ

3) ਰੂਸ ਅਤੇ ਅਮਰੀਕਾ    4) ਭਾਰਤ ਅਤੇ ਚੀਨ

116. ਭਾਰਤ ਸਰਕਾਰ ਵੱਲੋਂ 1980 ਵਿੱਚ ਕਿੰਨੇ ਬੈਂਕਾਂ ਦਾ ਰਾਸ਼ਟਰੀਕਰਣ ਕੀਤਾ ਗਿਆ?

1) 6    2) 7

3) 8    4) 14

117. ਰਾਸ਼ਟਰੀ ਖੇਤੀ ਤੇ ਗ੍ਰਾਮੀਣ ਵਿਕਾਸ ਬੈਂਕ (NABARD) ਦੀ ਸਥਾਪਨਾ ਕਦੋਂ ਹੋਈ?

1) 1982    2) 1986

3) 1988    4) 1989

118. ਕਿਹੜਾ ਕਰ (Tax) ਸਿੱਧਾ ਕਰ (Direct Tax) ਨਹੀਂ ਹੈ?

1) ਉਪਹਾਰ ਕਰ    2) ਆਮਦਨ ਕਰ

3) ਵਿਕਰੀ ਕਰ    4) ਸੰਪਤੀ ਕਰ

119. ਉਪਭੋਗਤਾ ਸਰੰਖਣ ਐਕਟ ਕਦੋਂ ਲਾਗੂ ਕੀਤਾ ਗਿਆ?

1) 1983    2) 1984

3) 1985    4) 1986

120. 'ਅਰਥਸ਼ਾਸਤਰ ਰਾਸ਼ਟਰਾਂ ਦੇ ਧਨ ਦੀ ਪ੍ਰਕਿਰਤੀ ਅਤੇ ਕਾਰਨਾਂ ਦੀ ਖੋਜ ਹੈ'- ਕਿਸਨੇ ਕਿਹਾ?

1) ਡਾ. ਮਾਰਸ਼ਲ    2) ਰੋਬਿੰਨਜ

3) ਐਡਮ ਸਮਿਥ    4) ਕੇਨਜ਼

121. ਕਿਸੇ ਘਣ ਦਾ ਆਇਤਨ (Volume) 216 ਸਮ³ ਹੈ। ਇਸ ਦੀ ਕੁੱਲ ਸਤ੍ਹਾ ਦਾ ਖੇਤਰਫਲ ਕਿੰਨਾ ਹੋਵੇਗਾ?

1) 212 ਸਮ²  2) 214 ਸਮ²
3) 216 ਸਮ²  4) 220 ਸਮ²

122. ਇੱਕ A.P ਦਾ ਪਹਿਲਾ ਪਦ 2 ਹੈ ਅਤੇ ਪਹਿਲੇ ਪੰਜ ਪਦਾਂ ਦਾ ਜੋੜ 5 ਹੈ। 31ਵਾਂ ਪਦ ਪਤਾ ਕਰੋ।

1) 13  2) 17
3) -13  4) $\frac{27}{2}$

123. ਇੱਕ ਆਦਮੀ ਕੋਲ ਕੁਲ 480 ਰੁ. ਦੀ ਰਾਸ਼ੀ ਹੈ। ਉਸ ਕੋਲ ਇੱਕ ਰੁਪਏ, ਪੰਜ ਰੁਪਏ ਅਤੇ ਦਸ ਰੁਪਏ ਦੇ ਨੋਟ ਹਨ। ਉਸ ਕੋਲ ਨੋਟਾਂ ਦੀ ਗਿਣਤੀ ਬਰਾਬਰ ਹੈ। ਉਸ ਕੋਲ ਕੁਲ ਕਿੰਨੇ ਨੋਟ ਹੋਣਗੇ?

1) 45  2) 60
3) 75  4) 90

124. ਜੇਕਰ 5 ਅੰਬਾਂ ਅਤੇ 4 ਸੰਤਰਿਆਂ ਦੀ ਕੀਮਤ 3 ਅੰਬਾਂ ਅਤੇ 7 ਸੰਤਰਿਆਂ ਦੀ ਕੀਮਤ ਦੇ ਬਰਾਬਰ ਹੈ ਤਾਂ ਇੱਕ ਅੰਬ ਅਤੇ ਇਕ ਸੰਤਰੇ ਦੀ ਕੀਮਤ ਵਿੱਚ ਅਨੁਪਾਤ ਕੀ ਹੋਵੇਗਾ?

1) 4:3  2) 1:3
3) 3:2  4) 5:2

125. ਦੋ ਪਾਸਿਆਂ (Dice) ਨੂੰ ਇਕੱਠੇ ਉਛਾਲਿਆ ਗਿਆ। ਉਛਾਲਣ ਤੇ ਪ੍ਰਾਪਤ ਦੋ ਅੰਕਾਂ ਦੀ ਗੁਣਾ ਜਿਸਤ ਆਉਣ ਦੀ ਸੰਭਾਵਨਾ (Probability) ਕਿੰਨੀ ਹੋਵੇਗੀ?

1) $\frac{1}{2}$  2) $\frac{3}{4}$
3) $\frac{3}{8}$  4) $\frac{5}{16}$

126. 22 ਸਮ ਭੁਜਾ (Edge) ਵਾਲੇ ਘਣ ਵਿੱਚੋਂ 2 ਸਮ ਵਿਆਸ (Diameter) ਵਾਲੀਆਂ ਕਿੰਨੀਆਂ ਗੋਲੀਆਂ (Bullets) ਬਣਾਈਆਂ ਜਾ ਸਕਦੀਆਂ ਹਨ?

1) 1347  2) 2541
3) 3662  4) 5324

127. ਇੱਕ ਪਹੀਏ ਦਾ ਵਿਆਸ (Diameter) 1.26 ਮੀਟਰ ਹੈ। 500 ਚੱਕਰਾਂ (Revolutions) ਵਿੱਚ ਇਹ ਪਹੀਆ ਕਿੰਨੀ ਦੂਰੀ (Distance) ਤਹਿ ਕਰੇਗਾ?

1) 1492 ਮੀ.  2) 1980 ਮੀ.
3) 2530 ਮੀ.  4) 2880 ਮੀ.

128. 1820 ਰੁਪਏ ਦੀ ਰਾਸ਼ੀ ਤੇ 9 ਮਾਰਚ 2014 ਤੋਂ 21 ਮਈ 2014 ਤੱਕ 7.5% ਸਲਾਨਾ ਦਰ ਨਾਲ ਸਾਧਾਰਨ ਵਿਆਜ (Simple Interest) ਕਿੰਨਾ ਹੋਵੇਗਾ?

1) 22.50 ਰੁਪਏ  2) 27.30 ਰੁਪਏ
3) 28.80 ਰੁਪਏ  4) 29 ਰੁਪਏ

129. ਇੱਕ ਦੌੜਾਕ (Athlete) 200 ਮੀਟਰ ਦੀ ਦੌੜ (Race) 24 ਸੈਕਿੰਡਾ ਵਿੱਚ ਪੂਰੀ ਕਰਦਾ ਹੈ। ਉਸ ਦੀ ਗਤੀ (Speed) ਕਿੰਨੀ ਹੋਵੇਗੀ?

1) 20 ਕਿ.ਮੀ/ਘੰਟਾ (km/h)  2) 24 ਕਿ.ਮੀ./ਘੰਟਾ (km/hr)
3) 22 ਕਿ.ਮੀ./ਘੰਟਾ (km/h)  4) 30 ਕਿ.ਮੀ. /ਘੰਟਾ (km/hr)

130. ਤਿੰਨ ਪ੍ਰਾਕ੍ਰਿਤਿਕ (Natural) ਸੰਖਿਆਵਾਂ 3:4:5 ਦੇ ਅਨੁਪਾਤ (ratio) ਵਿੱਚ ਹਨ। ਜੇਕਰ ਉਹਨਾਂ ਦੇ ਵਰਗਾਂ (squares) ਦਾ ਜੋੜ (sum) 1250 ਹੋਵੇ ਤਾਂ ਸੰਖਿਆਵਾਂ ਦਾ ਜੋੜ ਕਿੰਨਾ ਹੋਵੇਗਾ?

1) 30  2) 50
2) 60  4) 90

131. ਜੇਕਰ $x=5+2\sqrt{6}$ ਹੋਵੇ ਤਾਂ $\frac{x-1}{\sqrt{x}}$ ਬਰਾਬਰ ਹੋਵੇਗਾ?

1) $\sqrt{2}$  2) $2\sqrt{2}$
3) $\sqrt{3}$  4) $2\sqrt{3}$

132. ਜੇਕਰ y ਦਾ x%=z ਹੋਵੇ ਤਾਂ z, x ਦਾ ਕਿੰਨੇ ਪ੍ਰਤੀਸ਼ਤ ਹੋਵੇਗਾ?

1) $\frac{y}{100}\%$  2) $\frac{y}{(100)^2}\%$
3) $\frac{100}{y}\%$  4) $\frac{(100)^2}{y}\%$

133. $(2+\sqrt{2}+\frac{1}{2+\sqrt{2}}+\frac{1}{\sqrt{2}-2})$ ਨੂੰ ਸਰਲ ਕਰੋ।

1) $2-\sqrt{2}$  2) $2+\sqrt{2}$
3) $2\sqrt{2}$  4) 2

134. ਤਿੰਨ ਲਗਾਤਾਰ ਟਾਂਕ ਸੰਖਿਆਵਾਂ (consecutive odd numbers) ਦਾ ਜੋੜ ਹਮੇਸ਼ਾ .................... ਨਾਲ ਭਾਜਯੋਗ ਹੁੰਦਾ ਹੈ।

1) ਸੰਖਿਆ 7 ਨਾਲ  2) ਸੰਖਿਆ 2 ਨਾਲ
3) ਸੰਖਿਆ 3 ਨਾਲ  4) ਸੰਖਿਆ 5 ਨਾਲ

135. ਚਾਰ ਅਭਾਜ (prime) ਸੰਖਿਆਵਾਂ ਨੂੰ ਚੜਦੇ ਕ੍ਰਮ (ascending order) ਵਿੱਚ ਲਿਖਿਆ ਗਿਆ। ਜੇਕਰ ਪਹਿਲੀਆਂ ਤਿੰਨ ਸੰਖਿਆਵਾਂ ਦਾ ਗੁਣਨਫਲ 385 ਅਤੇ ਪਿਛਲੀਆਂ ਤਿੰਨ ਸੰਖਿਆਵਾਂ ਦਾ ਗੁਣਨਫਲ 1001 ਹੋਵੇ ਤਾਂ ਪਹਿਲੀ ਸੰਖਿਆ ਪਤਾ ਕਰੋ।

1) 5 2) 11
3) 13 4) 17

136. ਇੱਕ ਸੰਖਿਆ (Number) 15968 ਨੂੰ ਕਿਸੇ ਸੰਖਿਆ ਨਾਲ ਭਾਗ ਕਰਨ ਤੇ ਭਾਗਫਲ (Quotient) 89 ਆਉਂਦਾ ਹੈ ਅਤੇ ਬਾਕੀ (Remainder) 37 ਬਚਦਾ ਹੈ ਤਾਂ ਭਾਜਕ (Divisor) ਕਿੰਨਾ ਹੋਵੇਗਾ?

1) 169 2) 179
3) 188 4) 189

137. $(1^3+2^3+3^3+4^3)^{-\frac{1}{2}}$ ਦਾ ਮੁੱਲ ਕੀ ਹੋਵੇਗਾ?

1) 1 2) $\frac{1}{10}$
3) $\frac{1}{100}$ 4) $\frac{1}{1000}$

138. (SecA + tanA) (1 - SinA) ਬਰਾਬਰ ਹੈ:-

1) Sec. A 2) Sin A
3) Cosec A 4) Cos A

139. ਜੇਕਰ ਦੋ ਸੰਖਿਆਵਾਂ 26 ਅਤੇ 91 ਹੋਣ ਤਾਂ ਉਹਨਾਂ ਦੇ ਮ.ਸ.ਵ. ਅਤੇ ਲ.ਸ.ਵ. ਦਾ ਗੁਣਨਫਲ ਕੀ ਹੈ?

1) 26 2) 2376
3) 91 4) 2366

140. ਅੰਕ ਗਣਿਤਕ ਲੜੀ (A.P) ਵਿੱਚ a ਅਤੇ d ਕ੍ਰਮਵਾਰ ਪਤਾ ਕਰੋ ਜਿਸ ਦਾ ਤੀਸਰਾ ਪਦ 5 ਹੈ ਅਤੇ 7ਵਾਂ ਪਦ 9 ਹੈ।

1) 3,2 2) 1,3
3) 5,7 4) 3,1

**141-145 Read the passage and answer the following questions:**

Rio Grande is not the longest river in America, but is one of the most important. What makes it an important river is its location. Since 1846, it has been the official border of Texas and Mexico. The river starts in Colorado and extends downward to the Gulf of Mexico. Downward is the best way to describing it as the river not only extends south, but it also starts in the mountain and gets lower and lower in elevation as it extends to the Gulf.

Rio Grande is also known Rio Bravo in Mexico. The word Bravo means 'furious' and as this river has many twists and turns, it certainly is angrier than most of the rivers. The river is an important source of water for Texans and Mexicans. It is a symbol of cooperation between the two nations. Though borders like Rio Grande separate nations, they are also shared spaces.

141. Why is Rio Grande so important?

1) It is a source of drinking water for most of the United States.
2) It is the border of Texas and Mexico.
3) It is the longest river system in the United States.
4) It is known by two different names.

142. Why is downward the best way to describe Rio Grande?

1) The water level of Rio Grande have gone down recently.
2) The river has changed shape over years.
3) Rio Grande flows south and from high elevations.
4) Rio Grande is known as Rio Bravo down in Mexico.

143. Why is the word 'Furious' used for the river 'Rio Grande'?

1) It has many twists and turns.
2) It is an angry river.
3) It flows in peace.
4) It flows in one direction.

144. What are the end points of Rio Grande River?

1) Texas and Gulf of Mexico.
2) New Mexico and Colorado.
3) Texas and Mexico
4) Colorado and the Gulf of Mexico.

145. What does the river 'Rio Grande' symbolize?

1) as a peace treaty.
2) as unity in diversity
3) co-operation between two countries.
4) subjugation

**146-148 Choose the correct option to complete the sentences:**

146. The teacher made the students ________ the first quatrain of the poem.

1) attempt
2) change
3) recite
4) convey

147. Regular repetition makes one ________ new words easily.

1) remember
2) Forget
3) Grasp
4) with hold

148. The Bus stand is directly ___________ the police station.

1) around
2) in
3) nearby
4) behind

**149-150 Pick out the most appropriate synonym of the underlined words.**

149. <u>Necessity</u> is the mother of invention.

1) Requirement
2) Want
3) Desire
4) Lack

150. These flowers are <u>artificial.</u>

1) un-natural
2) supernatural
3) man-made
4) designed

**151-152 Choose the correct option for the following idioms and phrases:**

151. On the eve of

1) to donate
2) time just before an event
3) to praise
4) to remember

152. To bear in mind

1) to clean a place
2) a wild plant
3) to be unanimous
4) to remember

**153-154 Change from active to passive voice by choosing the correct passive sentence from the option given below:**

153. A very old friend helped me.

1) I was helped by a very old friend.
2) My friend helped me.
3) My old friend helped me.
4) My friend who was old helped me.

154. I will buy the tickets in advance.

1) In advance I will buy tickets.
2) We will buy tickets in advance.
3) The tickets will be bought by me in advance.
4) Buy tickets in advance.

**155 – 161 निम्नलिखित गद्यांश को पढ़कर पूछे गए प्रश्नों के सही उत्तर वाले विकल्प चुनिए:**

भारत के ऋषि मुनि जानते थे कि प्रकृति जीवन का स्रोत है पर्यावरण के समृद्ध और स्वस्थ होने से ही हमारा जीवन भी समृद्ध और सुखी होता है। वे प्रकृति की दैवी शक्ति के रूप मे उपासना करते थे और उसे 'परमेश्वरी' भी कहते थे। उन्होंने पर्यावरण पर बहुत गहरा चिंतन किया। जो कुछ पर्यावरण के लिए हानिकारक था, उसे आसुरी प्रवृति कहा और जो हितकर था उसे दैवी प्रवृति माना। भारत के पुराने ग्रंथों में वृक्षों और वनों का चित्रण पृथ्वी के रक्षक वस्त्रों के रूप में किया गया। उनको संतान की तरह पाला जाता था और हरे-भरे पेड़ों को अपने किसी स्वार्थ के लिए काटना पाप कहा जाता था। अनावश्यक रूप से पेड़ो को काटने पर दंड का विधान भी था। मनुष्य यह समझता है कि समस्त प्राकृतिक संपदा पर केवल उसी का आधिपत्य है। हम जैसा चाहें इसका उपभोग करें। इसी भोगवादी प्रवृति के कारण मानव ने इस हद तक शोषण कर लिया है कि अब उसका अस्तित्व ही संकट में पड़ गया है। वैज्ञानिक बार-बार चेतावनी दे रहे हैं कि प्रकृति और पर्यावरण की रक्षा करो, अन्यथा मानव जाति नहीं बच पाएगी। भारतीय संस्कृति में वृक्षों की रक्षा के महत्व को 'तुलसी' और 'पीपल' के उदाहरणों से समझा जा सकता है। इन जीवनोपयोगी वृक्षों की देवी-देवता के समान ही पूजा की जाती है। पर्यावरण की दृष्टि से वृक्ष को परम रक्षक और मित्र बताया गया है। यह हमें अमृत प्रदान करता है, दूषित वायु को स्वयं ग्रहण करके हमें प्राणवायु देता है, मरूस्थल का नियंत्रक होता है, नदियों की बाढ़ को रोकता है और जलवायु को स्वच्छ बनाता है। इसलिए हमें वृक्षमित्र होकर जीवन-यापन करना चाहिए।

155. **भारत के ऋषि मुनियों के अनुसार जीवन समृद्धि आधारित है:**

1. जीवन के सुखों पर
2 पर्यावरण की समृद्धि पर
3. अपार धन-संग्रह पर
4. असीमित ज्ञान-भंडार पर

156. **गद्यांश में आसुरी प्रवृति किसे कहा गया ह?**

1. राक्षसी प्रवृति
2. मानवता की विनाशक प्रवृति
3. पर्यावरण के लिए अहितकर प्रवृति
4. नुकसानदायक प्रवृति।

157. **इस गद्यांश के अनुसार पर्यावरण प्रदूषण का कारण है कि मानव:**

1) प्रकृति के संरक्षण का प्रयास नहीं करता।
2) प्रकृति पर अपना एकाधिकार समझता है।
3) मानव सुख के लिए स्वार्थी बनता जाता है।
4) प्रकृति के दोहन के लिए प्रयास करता है।

158. **वृक्ष को सच्चा मित्र मानने का कारण नहीं है?**

1) नदियों की बाढ़ को रोकना
2) पर्यावरण को शुद्ध रखना
3) जलवायु को स्वच्छ बनाना ।
4) मनुष्य को पवित्रता प्रदान करना।

159. इस गद्यांश के अनुसार मानव जाति के कल्याण और पर्यावरण की रक्षा करने के लिए मानव को कौन चेतावनी दे रहे हैं?

1) ऋषि - मुनि
2) राक्षस
3) वैज्ञानिक
4) देवी - देवता

160 – 161 निम्नलिखित प्रश्नों के सही उत्तर वाले विकल्प चुनिए:

160. 'पर्यावरण' शब्द का संधिविच्छेद होगा –

1) पर्या + वरण
2) परि + आवरण
3) परी + आवरण
4) पर्याव + रण

161. निम्नलिखित में से कौन सा शब्द 'हवा' का पर्यायवाची नहीं हैं?

1) पवन
2) समीर
3) वायु
4) अनल

प्र. 162 निम्नलिखित गद्यांश को पढ़कर पूछे गए प्रश्नों के सही उत्तर वाले विकल्प चुनिए:

आज आदमी धन के पीछे अंधाधुंध दौड़ रहा है। पाँच रूपये मिलने पर दस,दस रूपये मिलने पर सौ और सौ रूपये मिलने पर एक हज़ार की लालसा के लिए वह अंधी दौड़ में शामिल है। इस दौड़ का कोई अंत नहीं। धन की इस दौड़ में सभी पारिवारिक और मानवीय सम्बन्ध पीछे छूट गये। व्यक्ति सत्य - असत्य, उचित - अनुचित और अपने - पराए के भेद - भाव को भूल गया। उसके पास अपनी पत्नी और संतान के लिए समय नहीं। धन के लिए पुत्र - पिता के बीच, बेटी - माँ के बीच और पति - पत्नी के बीच झगड़ा हो रहा है। भाई - भाई के खून का प्यासा है। धन की लालसा व्यक्ति को जघन्य से जघन्य कार्य करने के लिए उकसा रही है। इस लालसा का ही परिणाम है कि जगह - जगह हत्या, लूट, अपहरण और चोरी - डकैती की घटनाएं बढ़ रही हैं। इस रोगी मनोवृति को बदलने के लिए हमें हर स्तर पर प्रयत्न करने होंगे।

162. धन की अंधाधुंध दौड़ के कारण मानवीय सम्बन्धों पर क्या प्रभाव पडा है?

1) पारिवारिक सम्बन्ध बन रहे हैं।
2) परिवार बड़े हो रहे हैं।
3) पारिवारिक और मानवीय सम्बन्ध पीछे छूट रहे हैं।
4) मानवीय सम्बन्ध बन रहे हैं।

163. धन के पीछे दौड़ने के कारण पारिवारिक जीवन को क्या हानि पहुँच रही हैं?

1) व्यक्ति के पास पत्नी और सन्तान के लिए समय नहीं है।
2) परिवार में झगडे बढ़ रहे हैं।
3) भाई - भाई के खून का प्यासा हो रहा है।
4) उपर्युक्त सभी सही हैं।

164. इस गद्यांश का उपयुक्त शीर्षक है –

1) पारिवारिक और मानवीय सम्बन्ध
2) धन की बढ़ती लालसा
3) बढ़ते अपराध
4) परिवार और झगड़े

165. इस गद्यांश के अनुसार हत्या, लूट, अपहरण और चोरी – डकैती की घटनाओं में वृद्धि क्यों हो रही है?

1) रोगी मनोवृति के कारण
2) माता - पिता के झगड़े के कारण

3) धन की भूख के कारण

4) अपने - पराए के भेद - भाव के कारण

166 – 167 निम्नलिखित प्रश्नों के सही उत्तर वाले विकल्प चुनिए –

166. निम्नलिखित में से 'लालसा' शब्द का अर्थ नहीं है –

1) भावना

2) कामना

3) चाह

4) इच्छा

167 'निम्नलिखित में से कौन सा शब्द युग्म विपरीतार्थक नहीं है?

1) सत्य - असत्य

2) उचित - अनुचित

3) अपने - पराए

4) भेद - भाव

168-174 ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਪੈਰ੍ਹੇ ਅਨੁਸਾਰ ਦਿਉ:-

ਬੋਲੀ ਦਾ ਖ਼ਜ਼ਾਨਾ ਬਚਪਨ ਚੋਂ ਗਿਰਦੇ ਵਿਚੋਂ ਜੁੜਨਾ ਸ਼ੁਰੂ ਹੁੰਦਾ ਹੈ। ਬਚਪਨ ਵਿਚ ਮਨ ਉੱਤੇ ਚਿਤਰੇ ਲਫ਼ਜ਼ ਸਾਨੂੰ ਭੁਲਦੇ ਨਹੀਂ ਤੇ ਮੋਹਰ ਵਰਗਾ ਕੰਮ ਦਿੰਦੇ ਹਨ। ਇੱਕ-ਇੱਕ ਮੋਹਰ ਨੂੰ ਅਸੀਂ ਹਜ਼ਾਰਾਂ ਸਿੱਕਿਆ ਵਿੱਚ ਵਟਾਉਂਦੇ ਹੋਏ ਆਪਣੇ ਖ਼ਜ਼ਾਨੇ ਨੂੰ ਭਰਦੇ ਹਾਂ। ਇਸ ਲਈ ਜਿੱਥੇ ਸਾਡਾ ਬਚਪਨ ਬੀਤਿਆ ਹੁੰਦਾ ਹੈ ਉਹ ਥਾਂ ਮੋਹਰਾਂ ਦੀ ਖਾਨ ਹੈ ਅਤੇ ਸਾਡੀ ਅਮੀਰੀ ਇਸ ਉੱਤੇ ਨਿਰਭਰ ਕਰਦੀ ਹੈ। ਬੋਲੀ ਨਾ ਸਿਰਫ਼ ਕਾਮਯਾਬੀ ਦੀ ਕੁੰਜੀ ਹੈ, ਬਲਕਿ ਜ਼ਿੰਦਗੀ ਦੇ ਹੁਸਨਾ ਤੇ ਸੁਆਦਾਂ ਦਾ ਜਾਦੂ ਹੈ। ਇਹ ਸਾਡੇ ਅਣਹੋਏ ਸੁਪਨਿਆਂ ਨੂੰ ਵੀ ਚਿਤਰ ਕੇ ਅਸਲੀਅਤ ਦਾ ਰੂਪ ਦੇ ਦਿੰਦੀ ਹੈ। ਕੋਈ ਬੋਲੀ ਬਾਰੇ ਅਣਗਿਹਲੀ ਨਾ ਕਰੇ। ਇਹ ਬਹੁਤ ਮਹਿੰਗੀ ਵਿਰਾਸਤ ਹੈ। ਜਵਾਨੀ ਵਿੱਚ ਪੁਸਤਕਾਂ ਪੜ੍ਹ ਕੇ ਕਮਾਇਆ ਇਹ ਖ਼ਜ਼ਾਨਾ ਬੁਢਾਪੇ ਤੱਕ ਸਾਥ ਦਿੰਦਾ ਹੈ। ਇਸ ਲਈ ਤੁਸੀਂ ਮਾਪਿਆਂ, ਉਸਤਾਦਾਂ, ਮਹਿਮਾਨਾਂ, ਗਵਾਲਿਆਂ, ਚਰਵਾਹਿਆਂ, ਮਛੇਰਿਆਂ, ਵਿਉਪਾਰੀਆਂ ਅਤੇ ਭਿੰਨ-ਭਿੰਨ ਪ੍ਰਕਾਰ ਦਾ ਸਮਾਨ ਵੇਚਣ ਵਾਲਿਆਂ ਤੋਂ ਸ਼ਬਦ ਸਿੱਖੋ ਤੇ ਸੰਭਾਲੋ। ਜੇਕਰ ਦਿਲ ਵਿਚ ਦੋਸਤੀਆਂ, ਪਿਆਰ, ਕੁਰਬਾਨੀਆਂ, ਗੀਤਾਂ, ਕਹਾਣੀਆਂ, ਹੰਝੂਆਂ-ਹਾਸਿਆਂ ਦੀ ਦੌਲਤ ਅਮੁੱਕ ਹੈ, ਤਾਂ ਕੋਈ ਜੱੜੀਆਂ ਪਾਉਂਦੇ ਲਫ਼ਜ਼ਾਂ ਦੀ ਛਣ-ਛਣ ਤੋਂ ਕੁਰਬਾਨ ਹੋਣੋ ਨਹੀਂ ਰਹਿ ਸਕਦਾ। ਬੋਲੀ ਹੀ ਦੱਸਦੀ ਹੈ ਕਿ ਬੋਲਣ ਵਾਲ਼ੇ ਨੇ ਕੀ ਕੁਝ ਆਪਣਾ ਬਣਾਇਆ ਹੈ? ਅਸਲ ਵਿਚ ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ। ਬਚਪਨ ਦਾ ਸਮਾਂ ਜਵਾਨੀ ਅਤੇ ਬੁਢਾਪੇ ਨਾਲੋਂ ਵੀ ਕਈ ਗੁਣਾ ਕੀਮਤੀ ਹੁੰਦਾ ਹੈ।

168. ਜ਼ਿੰਦਗੀ ਵਿੱਚ ਮਨੁੱਖ ਦਾ ਸਭ ਤੋਂ ਵੱਡਾ ਖ਼ਜ਼ਾਨਾ ਕਿਹੜਾ ਹੈ?

1) ਬਚਪਨ

2) ਜਵਾਨੀ

3) ਬੋਲੀ

4) ਬੁਢਾਪਾ

169. ਬਚਪਨ ਵਿਚ ਮਨੁੱਖੀ ਮਨ ਉੱਤੇ ਕੀ ਚਿਤਰਿਆ ਜਾਂਦਾ ਹੈ?

1) ਪਿਆਰ

2) ਲਫ਼ਜ਼

3) ਗੀਤ

4) ਹਾਸੇ

170. 'ਚਰਵਾਹਿਆਂ' ਸ਼ਬਦ ਦਾ ਅਰਥ ਹੈ:-

1) ਚਾਰਾ ਚਾਰਨ ਵਾਲ਼ੇ

2) ਚਾਰ ਵਰ੍ਹਿਆਂ ਵਾਲ਼ੇ

3) ਪਸ਼ੂ ਚਾਰਨ ਵਾਲ਼ੇ

4) ਦੁੱਧ ਵੇਚਣ ਵਾਲ਼ੇ

171. ਬੋਲੀ ਕਿਸ ਤੋਂ ਨਹੀਂ ਸਿੱਖੀ ਜਾ ਸਕਦੀ:

1) ਮਾਪਿਆਂ ਤੋਂ

2) ਵਿਉਪਾਰੀਆਂ ਤੋਂ

3) ਗਵਾਲਿਆਂ ਤੋਂ

4) ਸਿੱਕਿਆਂ ਤੋਂ

172. ਲਫ਼ਜ਼ਾਂ ਦੀ ਛਣ-ਛਣ ਪੈਦਾ ਹੁੰਦੀ ਹੈ:-

1) ਬਚਪਨ

2) ਕੁਰਬਾਨੀਆਂ

3) ਉਸਤਾਦਾਂ

4) ਆਤਮਾ

173. 'ਲਫ਼ਜ਼' ਸ਼ਬਦ ਦਾ ਸਮਾਨਾਰਥਕ ਸ਼ਬਦ ਕੀ ਹੈ?

1) ਅਰਥ

2) ਅੱਖਰ

3) ਸ਼ਬਦ

4) ਵਿਅੰਜਨ

174. 'ਬੋਲਣ ਵਾਲ਼ੇ ਨੇ ਕੀ ਕੁਝ ਆਪਣਾ ਬਣਾਇਆ ਹੈ' ਵਾਕ ਨਾਲ ਕਿਹੜਾ ਵਿਸ਼ਰਾਮ ਚਿੰਨ੍ਹ ਲੱਗੇਗਾ?

1) ਡੰਡੀ

2) ਬਿੰਦੀ-ਕਾਮਾ

3) ਪ੍ਰਸ਼ਨਵਾਚਕ

4) ਵਿਸਮਿਕ ਚਿੰਨ

**175-180. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਪੈਰ੍ਹੇ ਅਨੁਸਾਰ ਦਿਉ:-**

**ਪੁਸਤਕਾਂ ਸਾਡੇ ਲਈ ਜੀਵਨ ਭਰ ਦੀਆਂ ਮਿੱਤਰ ਹੁੰਦੀਆਂ ਹਨ। ਇਹ ਸਾਨੂੰ ਕਦੇ ਧੋਖਾ ਨਹੀਂ ਦਿੰਦੀਆਂ। ਇਕੱਲ ਦੇ ਸਮੇਂ ਵਿਚ ਇਹ ਸਾਡਾ ਮਨ-ਪਰਚਾਵਾ ਕਰਦੀਆਂ ਹਨ ਅਤੇ ਜ਼ਿੰਦਗੀ ਦੇ ਫ਼ਿਕਰਾਂ, ਮੁਸ਼ਕਿਲਾਂ ਤੇ ਉਦਾਸੀ ਵਿਚੋਂ ਨਿਕਲਣ ਦਾ ਰਸਤਾ ਦੱਸਦੀਆਂ ਹਨ। ਇਹ ਸਾਡੇ ਗਿਆਨ ਨੂੰ ਵਧਾਉਂਦੀਆਂ ਤੇ ਸੂਝ ਨੂੰ ਤਿਖੇਰਾ ਕਰਦੀਆਂ ਹਨ। ਇਨ੍ਹਾ ਤੋਂ ਸਾਨੂੰ ਠੀਕ ਸੇਧ, ਅਸਲੀ ਖੁਸ਼ੀ ਤੇ ਸੱਚਾ ਲਾਭ ਪ੍ਰਾਪਤ ਹੁੰਦਾ ਹੈ। ਇਕ ਚੰਗੀ ਪੁਸਤਕ ਉਸਦੇ ਲੇਖਕ ਦੇ ਜੀਵਨ ਭਰ ਦੇ ਬਹੁਮੁੱਲੇ ਅਨੁਭਵਾਂ ਦੀ ਉਪਜ ਹੁੰਦੀ ਹੈ। ਮਹਾਨ ਲੇਖਕਾਂ ਦੁਆਰਾ ਲਿਖੀਆਂ ਪੁਸਤਕਾਂ ਸਦੀਵੀ ਮਹੱਤਵ ਰੱਖਦੀਆਂ ਹਨ ਅਤੇ ਇਹ ਸਦੀਆਂ ਤੋਂ ਮਨੁੱਖੀ ਬੁੱਧੀ, ਬਲ ਅਤੇ ਵਿਕਾਸ ਵਿਚ ਹਿੱਸਾ ਪਾਉਂਦੀਆਂ ਆਈਆਂ ਹਨ। ਸਾਡੇ ਦੇਸ਼ ਵਿਚ ਵੇਦ, ਉਪਨਿਸ਼ਧ, ਗੀਤਾ, ਰਾਮ ਚਰਿੱਤ ਮਾਨਸ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਦੇ ਵਿਕਾਸ ਵਿਚ ਹਿੱਸਾ ਪਾਉਣ ਵਾਲ਼ੀਆਂ ਕਿਰਤਾਂ ਹਨ। ਇਹਨਾਂ ਤੋਂ ਬਿਨਾ ਕਾਲੀਦਾਸ, ਹੋਮਰ, ਸ਼ੇਕਸਪੀਅਰ, ਬੇਕਨ, ਵਾਰਸ਼ ਸ਼ਾਹ, ਟਾਲਸਟਾਏ, ਚਾਰਲਸ ਡਿਕਨਜ਼, ਹਾਰਡੀ, ਭਾਈ ਵੀਰ ਸਿੰਘ, ਨਾਨਕ ਸਿੰਘ, ਪ੍ਰੇਮ ਚੰਦ ਤੇ ਰਵਿੰਦਰ ਨਾਥ ਟੈਗੋਰ ਆਦਿ ਲੇਖਕਾਂ ਦੀਆਂ ਕਿਰਤਾਂ ਮਨੁੱਖੀ ਜੀਵਨ ਲਈ ਅੰਮ੍ਰਿਤ ਦੇ ਸੋਮੇ ਸਮਾਨ ਹਨ। ਇਹ ਪੁਸਤਕਾਂ ਸਾਡੀਆਂ ਮਿੱਤਰ ਤੇ ਪੱਥ ਪ੍ਰਦਰਸ਼ਕ ਹਨ। ਇਹ ਸਾਡੇ ਨੈਤਿਕ ਚਰਿੱਤਰ ਦੀ ਉਸਾਰੀ ਕਰਦੀਆਂ ਹਨ ਤੇ ਸਾਡੇ ਭਵਿੱਖ ਦੀ ਰੂਪ-ਰੇਖਾ ਉਲੀਕਦੀਆਂ ਹਨ। ਜਦੋਂ ਮੁਸੀਬਤਾਂ ਤੇ ਉਦਾਸੀ ਦੇ ਬੱਦਲ ਸਾਡੇ ਸਿਰ ਤੇ ਘਿਰ ਜਾਂਦੇ ਹਨ ਤਾਂ ਇਹ ਆਪਣੇ ਮਿੱਠੇ ਸ਼ਬਦਾਂ ਨਾਲ਼ ਸਾਨੂੰ ਧੀਰਜ ਤੇ ਹੌਸਲਾ ਦੇ ਕੇ ਸਾਡੇ ਵਿਚ ਆਸ਼ਾਵਾਦ ਪੈਦਾ ਕਰਦੀਆਂ ਹਨ। ਇਸ ਪ੍ਰਕਾਰ ਸਾਨੂੰ ਮਾਨਸਿਕ ਅਰੋਗਤਾ ਤੇ ਖੇੜਾ ਬਖ਼ਸ਼ਦੀਆਂ ਹਨ। ਕਈ ਵਾਰੀ ਇਨ੍ਹਾਂ ਦੁਆਰਾ ਦਿੱਤੀ ਸੇਧ ਸਾਡੇ ਜੀਵਨ ਦਾ ਰੁਖ ਪਲਟ ਕੇ ਰੱਖ ਦਿੰਦੀ ਹੈ। ਇਹ ਸਾਨੂੰ ਬਚਪਨ ਵਿਚ ਖੁਸ਼ੀ, ਜਵਾਨੀ ਵਿਚ ਸੇਧ ਅਤੇ ਬੁਢਾਪੇ ਵਿਚ ਸੁੱਖ ਦਿੰਦੀਆਂ ਹਨ।**

175. ਪੁਸਤਕਾਂ ਸਾਡੇ ਜੀਵਨ ਵਿੱਚ ਕੀ ਨਹੀਂ ਕਰਦੀਆਂ?

1) ਸੂਝ ਨੂੰ ਤਿਖੇਰਾ

2) ਬੁੱਧੀ ਦਾ ਵਿਕਾਸ

3) ਧੋਖਾ

4) ਸੁਚੱਜੀ ਸੇਧ

176. ਕਿਹੜਾ ਲੇਖਕ ਪੰਜਾਬ ਨਾਲ਼ ਸੰਬੰਧਿਤ ਨਹੀਂ ਹੈ?

1) ਟਾਲਸਟਾਏ
2) ਵਾਰਸ਼ ਸ਼ਾਹ
3) ਨਾਨਕ ਸਿੰਘ
4) ਭਾਈ ਵੀਰ ਸਿੰਘ

177. ਕਿਸ ਰਚਨਾ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ?

1) ਵੇਦ
2) ਸ੍ਰੀ ਗੁਰੂ ਗ੍ਰੰਥ ਸਾਹਿਬ
3) ਰਾਮ ਚਰਿੱਤ ਮਾਨਸ
4) ਗੀਤਾ

178. ਹੇਠ ਲਿਖੇ ਸ਼ਬਦਾਂ ਵਿਚੋਂ ਕਿਸ ਸ਼ਬਦ ਵਿਚ ਦੁੱਤ ਅੱਖ਼ਰ ਦੀ ਵਰਤੋਂ ਹੋਈ ਹੈ?

1) ਹਾਰਡੀ
2) ਬੇਕਨ
3) ਰਵਿੰਦਰ ਨਾਥ ਟੈਗੋਰ
4) ਪ੍ਰੇਮ ਚੰਦ

179. 'ਰੂਪ -ਰੇਖਾ' ਸ਼ਬਦ ਵਿਚ ਕਿਸ ਵਿਸ਼ਰਾਮ ਚਿੰਨ੍ਹ ਦੀ ਵਰਤੋਂ ਹੋਈ ਹੈ?

1) ਡੈਸ਼
2) ਜੋੜਨੀ
3) ਦੋਬਿੰਦੀ ਡੈਸ਼
4) ਬਿੰਦੀ ਕਾਮਾ

180. ਮਨੁੱਖੀ ਆਤਮਿਕ ਵਿਕਾਸ ਦਾ ਮੁੱਖ ਸੋਮਾ ਕਿਹੜਾ ਹੈ?

1) ਗ੍ਰੰਥ
2) ਲੇਖਕ
3) ਆਸ਼ਾਵਾਦ
4) ਬਚਪਨ